₹15/-

Hansti Duniya (Punjabi)
Vol. 41 No. 10
October 2017

ਹੱਸਦੀ ਦੁਨੀਆ

ਹੰਸਤੀ ਦੁਨੀਆ

Vol. 41 • ਅੰਕ : 10 • ਅਕਤੂਬਰ 2017 • Pages : 52
(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

C.L. Gulati,
Member Incharge Magazine

Printer & Publisher Radhey Shyam, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009

Chief Editor :
Harjeet Nishad

Editor (Honorary)
Sulekh Singh 'Sathi'

Email: editorial@nirankari.org

Ph.: 011-47660200
Fax: 011-27608215
Website: http//www.nirankari.org
kids.nirankari.org

Subscription Value

	India/ Nepal	UK	Europe	USA	Canada/ Australia
Annual	Rs.150	£15	€ 20	$25	$30
5 Years	Rs.700	£70	€ 95	$120	$140

Other Countries
Equivalent to U.S. Dollars as mentioned above.

ਸਤੰਭ

ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀਂ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 36
ਕਦੇ ਨਾ ਭੁੱਲੋ 42
ਚਿੱਤਰ ਪਹੇਲੀ 50

ਚਿੱਤਰਕਥਾਵਾਂ

ਕਿੱਟੀ 20
ਦਾਦਾ ਜੀ 46





ਕਹਾਣੀਆਂ

ਬਹਾਦੁਰੀ ਦਾ ਪੁਰਸਕਾਰ
– ਰਾਜਕੁਮਾਰ ਜੈਨ 6
ਕਿਤਾਬ ਦੇ ਪੰਨੇ
– ਵਿਪਿਨ ਕੁਮਾਰ 12
ਕਰਮ ਹੀ ਜੀਵਨ ਦਾ ਆਧਾਰ ਹੈ
– ਸੀਤਾਰਾਮ ਗੁਪਤਾ 24
ਚਲਾਕ ਖ਼ਰਗੋਸ਼ ਤੇ ਧੋਖੇਬਾਜ਼ ਬਿੱਜੜ
– ਅਮਨਪ੍ਰੀਤ 28
ਲਾਲਚ ਬੁਰੀ ਬਲਾ ਹੈ
– ਊਸ਼ਾ ਸਭਰਵਾਲ 32
ਚਿੜੀ ਦਾ ਆਲ੍ਹਣਾ
– ਸਵਿੰਦਰ ਸਿੰਘ ਰਮਤਾ 38
ਹਾਥੀ ਤੇ ਚੂਹਿਆਂ ਦੀ ਦੋਸਤੀ
– ਸਾਮਸ਼ੇਰ ਸਿੰਘ ਸੋਹੀ 40
ਠਿਮਰਤਾ ਦੀ ਤਾਕਤ
– ਦਿਨੇਸ਼ ਦਰਪਣ 44

ਗੀਤ-ਕਵਿਤਾਵਾਂ

ਦੇਵ ਭੂਮੀ ਭਾਰਤਮਾਤਾ
– ਗੋਵਿੰਦ ਭਾਰਦਵਾਜ 5
ਦੁਸਹਿਰਾ
– ਦਰਸ਼ਨ ਸਿੰਘ 14
ਪਾਣੀ ਉਤੇ ਚਲਦੀ ਬੇੜੀ
– ਬਲਵਿੰਦਰ ਬਾਲਮ 18
ਬਿੱਲੀ ਦਾ ਵਾਅਦਾ
– ਦਿਨੇਸ਼ 25
ਰੋਬੋਟ ਇਕ ਮੈਨੂੰ ਲੈ ਦੇ ਮਾਂ
– ਰਾਜਕੁਮਾਰ ਜੈਨ 26
ਭੁੱਲੇ ਭਟਕੇ ਰਾਹੀ ਨੂੰ
– ਮਦਨ ਦੇਵੜਾ 30
ਪੋਲੀਥੀਨ ਦੂਰ ਹਟਾਉ
– ਰੂਪਨਾਰਾਇਣ 33
ਮਾਂ
– ਅਸ਼ੋਕ ਬ੍ਰਾਹਮਣਮਾਜਰਾ 35
ਬੱਚੇ ਮਨ ਦੇ ਸੱਚੇ
– ਊਸ਼ਾ ਸਰੀਠ 43

ਵਿਸ਼ੇਸ਼ ਲੇਖ

ਗਾਂਧੀ ਜੀ ਦੇ ਤਿੰਨ ਬਾਂਦਰ
– ਵਿਦਿਆ ਪ੍ਰਕਾਸ਼ 09
ਟਾਈ ਦਾ ਇਤਿਹਾਸ
– ਸਤਿਆਵਾਨ ਮਲਿਕ 09
ਕੀ ਪੌਦੇ ਵੀ ਕੀੜੇ ਖਾਂਦੇ ਹਨ?
– ਹਰਜਿੰਦਰ ਕੌਰ 11
ਜਗਦੀਸ਼ ਚੰਦ੍ਰ ਬੋਸ
– ਹਰਜੀਤ ਨਿਸ਼ਾਦ 15
ਦੁਨੀਆ ਦਾ ਅਨੋਖਾ ਬੈਂਕ
– ਕਿਰਣ ਬਾਲਾ 31
ਬੜੇ ਅਦਭੁਤ ਨੇ ਇਹ ਸ਼ਹਿਰ
– ਅਮਰਜੀਤ ਚੰਦਰ 34
ਇਸ਼ਾਰਿਆਂ ਤੇ ਨੱਚਦੇ ਊਠ
– ਵਿਨੋਦ ਗੁਪਤਾ 39
ਕੀ ਬਿੱਲੀਆਂ ਜੰਗਲ ਵਿਚ .....
– ਪਰਕਾਸ਼ ਅਰੋੜਾ 45

ਸਭ ਤੋਂ ਪਹਿਲਾਂ

ਬੁਰਾਈ ਤੋਂ ਬਚੀਏ

ਪਿਆਰੇ ਬੱਚਿਉ ! ਅਕਤੂਬਰ ਦਾ ਮਹੀਨਾ ਆ ਗਿਆ ਹੈ। ਤੁਸੀਂ ਜਾਣਦੇ ਹੀ ਹੋ ਕਿ 2 ਅਕਤੂਬਰ ਸਾਡੇ ਸਾਰਿਆਂ ਦੇ ਪਿਆਰੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਦਾ ਜਨਮਦਿਨ ਹੁੰਦਾ ਹੈ। ਜਿੰਨ੍ਹਾਂ ਨੇ ਆਪਣੇ ਜੀਵਨਕਾਲ ਵਿਚ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾਂ ਕਰਦੇ ਹੋਇਆਂ ਵੀ ਆਪਣੀ ਅਹਿੰਸਾ ਦੀ ਤਾਕਤ ਨਾਲ ਦੇਸ਼ ਨੂੰ ਵਿਦੇਸ਼ੀ ਤਾਕਤਾਂ ਤੋਂ ਆਜ਼ਾਦ ਕਰਵਾਇਆ ਸੀ। ਉਨ੍ਹਾਂ ਸਾਨੂੰ ਆਜ਼ਾਦ ਅਤੇ ਸੁਖੀ ਜੀਵਨ ਜੀਉਣ ਦਾ ਇਕ ਮੂਲ ਮੰਤਰ ਵੀ ਦਿੱਤਾ ਸੀ – ਬੁਰਾ ਮਤ ਦੇਖੋ, ਬੁਰਾ ਮਤ ਸੁਣੋ, ਬੁਰਾ ਮਤ ਕਰੋ। ਬਾਪੂ ਦੇ ਤਿੰਨ ਬੰਦਰ ਸੰਕੇਤਕ ਰੂਪ ਵਿਚ ਸਾਨੂੰ ਇਸ ਸਿਖਿਆ ਤੇ ਅਮਲ ਕਰਨ ਦੀ ਪ੍ਰੇਰਣਾ ਦਿੰਦੇ ਹਨ ਕਿ ਅਸੀਂ ਹਮੇਸ਼ਾ ਬੁਰਾਈ ਤੋਂ ਬਚਣਾ ਹੈ ਕਿਉਂਕਿ ਬੁਰੇ ਕਰਮ ਦਾ ਫਲ ਹਮੇਸ਼ਾ ਬੁਰਾ ਹੀ ਨਿਕਲਦਾ ਹੈ।

ਸਾਡੇ ਸਾਹਮਣੇ ਉਦਾਹਰਣ ਵੀ ਹੈ ਜਿਸ ਨੂੰ ਹਰ ਸਾਲ ਤਿਉਹਾਰ ਦੇ ਰੂਪ ਵਿਚ ਅਸੀ ਮਨਾਉਦੇ ਹਾਂ। ਦੁਸਹਿਰੇ ਦਾ ਤਿਉਹਾਰ ਜੋ ਬੁਰਾਈ ਉਤੇ ਅਛਾਈ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਮਹਾਗਿਆਨੀ ਰਾਵਣ ਜੋ ਚਾਰੇ ਵੇਦਾਂ ਦਾ ਗਿਆਤਾ ਸੀ, ਅਸੀਮ ਸ਼ਕਤੀਆਂ ਦਾ ਸੁਆਮੀ ਸੀ, ਐਨਾ ਧਨਵਾਨ ਸੀ ਕਿ ਉਸ ਦੀ ਲੰਕਾ ਹੀ ਸੋਨੇ ਦੀ ਸੀ ਪਰ ਇਕ ਬੁਰੇ ਕਰਮ ਕਾਰਣ ਸਭ ਕੁਝ ਖਤਮ ਹੋ ਗਿਆ। ਅੱਜ ਵੀ ਹਰ ਸਾਲ ਰਾਵਣ ਦਾ ਪੁਤਲਾ ਸਾੜ ਕੇ ਅਸੀਂ ਬੁਰਾਈ ਨੂੰ ਜੜ੍ਹ ਤੋਂ ਮੁਕਾਉਣ ਦੀ ਪ੍ਰੇਰਣਾ ਲੈਂਦੇ ਹਾਂ।

ਇਸ ਲਈ ਪਿਆਰੇ ਬੱਚਿਉ ! ਹਮੇਸ਼ਾ ਜੀਵਨ ਦਾ ਅਸੂਲ ਬਣਾ ਲਉ ਕਿ ਅਸੀਂ ਕਦੇ ਬੁਰਾ ਨਾ ਵੇਖਣਾ ਹੈ, ਨਾ ਬੁਰਾ ਸੋਚਣਾ ਹੈ ਅਤੇ ਨਾ ਹੀ ਬੁਰਾ ਕਰਨਾ ਹੈ। ਹਮੇਸ਼ਾ ਆਪਣੇ ਜੀਵਨ ਵਿਚ ਸਦਗੁਣਾਂ ਨੂੰ ਹੀ ਜਗ੍ਹਾ ਦੇਣੀ ਹੈ, ਹਮੇਸ਼ਾ ਦੂਜੇ ਦੀ ਭਲਾਈ ਕਰਨ ਦਾ ਹੀ ਜਤਨ ਕਰਨਾ ਹੈ ਤਾਕਿ ਜੀਵਨ ਵਿਚ ਕੋਈ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਏ।

ਹਾਂ, ਇਕ ਗੱਲ ਹੋਰ ! 2 ਅਕਤੂਬਰ ਨੂੰ ਸਾਡੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਜੀ ਦਾ ਵੀ ਜਨਮਦਿਨ ਹੈ ਜਿੰਨ੍ਹਾ ਨੇ ਜੀਵਨ ਦੇ ਅਰੰਭਕ ਦੌਰ ਵਿਚ ਐਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਕੇ ਵੀ ਦੇਸ਼ ਦੇ ਸਰਬਉਚ ਪਦ ਤਕ ਪਹੁੰਚਣ ਵਿਚ ਸਫਲਤਾ ਹਾਸਿਲ ਕੀਤੀ। ਇਹ ਉਹਨਾਂ ਦੀ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਹੀ ਸੰਭਵ ਹੋ ਪਾਇਆ। ਇਸ ਲਈ ਅਸੀਂ ਵੀ ਹਮੇਸ਼ਾ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਆਪਣੀ ਜ਼ਿੰਦਗੀ ਨੂੰ ਸਵਾਰਨਾ ਹੈ ਅਤੇ ਹਰ ਤਰ੍ਹਾਂ ਦੀ ਬੁਰਾਈ ਤੋਂ ਬਚਦੇ ਹੋਏ ਜੀਵਨ ਦੀਆਂ ਉਚੱ ਸਿਖਰਾਂ ਤਕ ਪਹੁੰਚਣਾ ਹੈ।

✍ ਸੁਲੇਖ 'ਸਾਥੀ'
ssathi_2007@yahoo.com



❒ ਗੋਵਿੰਦ ਭਾਰਦਵਾਜ

ਦੇਵਭੂਮੀ ਭਾਰਤਮਾਤਾ

ਕੋਟਿ-ਕੋਟਿ ਕਰੀਏ ਪ੍ਰਣਾਮ।
ਪੂਜੀਏ ਇਸ ਦੇ ਕਣ-ਕਣ ਨੂੰ,
ਜਗ ਵਿਚ ਉਚੱਾ ਕਰੀਏ ਨਾਮ।

ਰਿਸ਼ੀ-ਮੁਨੀਆਂ ਦੀ ਧਰਤੀ ਹੈ,
ਇਥੇ ਵੇਦ ਰਚੇ ਗਏ ਚਾਰ।
ਰਾਮ, ਕ੍ਰਿਸ਼ਨ, ਨਾਨਕ, ਨੇ ਵੀ,
ਭਾਰਤ ਵਿਚ ਹੀ ਲਿਆ ਅਵਤਾਰ।

ਗੰਗਾ-ਜਮਨਾ ਵਹਿੰਦੀ ਨਿੱਤ,
ਦੇਵਣ ਅੰਮ੍ਰਿਤ ਦੇ ਧਾਰੇ।
ਕਾਸ਼ੀ-ਮਥਰਾ ਅਖਵਾਉਂਦੇ,
ਅਤਿ ਪਾਵਨ ਨਦੀ ਕਿਨਾਰੇ।

ਰਖਿਅਕ ਬਣਿਆ ਸਦਾ ਹਿਮਾਲਾ,
ਦਿੰਦਾ ਜਗਤ ਨੂੰ ਸੰਦੇਸ਼।
ਭਾਰਤ ਵਰਗਾ ਹੋਰ ਕੋਈ ਨਹੀਂ,
ਇਸ ਧਰਤੀ ਦੇ ਉਤੇ ਦੇਸ਼।

ਆਉ ! ਮਿਲ ਕੇ ਕੰਮ ਕਰੀਏ।
ਸਾਫ-ਸਫਾਈ ਹਰ ਥਾਂ ਕਰੀਏ।
ਪੂਜੀਏ ਇਸ ਦੇ ਕਣ-ਕਣ ਨੂੰ
ਜੱਗ ਵਿਚ ਉਚੱਾ ਨਾਂ ਕਰੀਏ।

ਰਾਜਕੁਮਾਰ 'ਰਾਜਨ'

ਬਹਾਦੁਰੀ ਦਾ ਪੁਰਸਕਾਰ

ਮੋਨੂੰ ਬਾਂਦਰ ਆਪਣੇ ਮਾਮਾ ਜੀ ਰੌਕੀ ਬਾਂਦਰ ਦੇ ਘਰ ਚੰਪਕਵਨ ਵਿਚ ਗਰਮੀਆਂ ਦੀਆਂ ਛੁੱਟੀਆਂ ਵਿਚ ਆਇਆ ਸੀ। ਦੇਵੀ ਹਿਰਣ, ਸੋਨੂੰ ਬਾਂਦਰ, ਗੁਲਗੁਲ ਲੋਮੜੀ, ਜੰਬੋ ਹਾਥੀ, ਬੁਲਬੁਲ ਗਲਹਿਰੀ ਉਸ ਦੇ ਚੰਗੇ ਮਿੱਤਰ ਬਣ ਗਏ ਸਨ। ਸਭ ਬਹੁਤ ਕ੍ਰਿਕਟ ਖੇਡਦੇ ਸਨ। ਹੁਣ ਉਸ ਦੀਆਂ ਛੁੱਟੀਆਂ ਪੂਰੀਆ ਹੋਣ ਵਾਲੀਆਂ ਸਨ। ਜਾਣ ਤੋਂ ਪਹਿਲਾਂ ਮਾਮਾ ਜੀ ਨੇ ਉਸ ਨੂੰ ਕ੍ਰਿਕਟ ਦਾ ਬੈਟ ਵੀ ਲੈ ਕੇ ਦੇ ਦਿੱਤਾ ਸੀ।

ਉਸ ਨੇ ਆਪਣੇ ਮਾਮਾ ਜੀ ਨੂੰ ਕਿਹਾ ਕਿ ਉਸ ਨੂੰ ਚੰਪਕਵਨ ਦੇ ਸਟੇਸ਼ਨ ਤੇ ਛੱਡ ਆਉਣ। ਉਸ ਤੋਂ ਬਾਅਦ ਉਹ ਆਪ ਹੀ ਮਧੁਵਨ ਦੀ ਗੱਡੀ ਤੇ ਬੈਠ ਕੇ ਆਪਣੇ ਘਰ ਪਹੁੰਚ ਜਾਏਗਾ।

ਮੋਨੂੰ ਦੇ ਮਾਮਾ ਜੀ ਰੌਕੀ ਬਾਂਦਰ ਨੇ ਇਸ ਤਰ੍ਹਾਂ ਹੀ ਕੀਤਾ। ਗਰਮੀਆਂ ਦੇ ਦਿਨ ਸਨ। ਉਹ ਟ੍ਰੇਨ ਵਿਚ ਬੈਠ ਗਿਆ। ਟ੍ਰੇਨ ਚਲ ਪਈ। ਚਲਦੀ ਗੱਡੀ ਤੋਂ ਜੰਗਲ ਦਾ ਦ੍ਰਿਸ਼ ਬੜਾ ਸੋਹਣਾ ਲੱਗ ਰਿਹਾ ਸੀ।

ਉਸ ਨੇ ਆਪਣੇ ਡਿੱਬੇ ਦੇ ਯਾਤਰੀਆਂ ਤੇ ਇਕ ਨਜ਼ਰ ਪਾਈ। ਮੀਨੂੰ ਬੱਕਰੀ ਆਪਣੇ ਤਿੰਨ ਮੇਮਠਿਆਂ ਪਾਰੂ, ਲਾਰੂ ਅਤੇ ਚਾਰੂ ਨਾਲ ਬੈਠੀ ਸੀ। ਤਿੰਨਾਂ ਮੇਮਨਿਆਂ ਦਾ ਆਪਸ ਚ ਬੜਾ ਪਿਆਰ ਦਿਸ ਰਿਹਾ ਸੀ। ਸਾਹਮਣੇ

ਵਾਲੀ ਸੀਟ ਤੇ ਰੋਮੀ ਹਿਰਣ, ਭੀਖੂ ਭੇੜੀਆ, ਚੀਕੂ ਖਰਗੋਸ਼, ਮੋਂਟੂ ਹਾਥੀ ਬੈਠੇ ਸਨ। ਕੋਨੇ ਵਾਲੀ ਸੀਟ ਤੇ ਰਾਣੀ ਬਾਂਦਰੀ ਬੈਠੀ ਸੀ। ਜਿਸ ਨੇ ਬਹੁਤ ਸਾਰੇ ਸੋਨੇ ਦੇ ਗਹਿਣੇ ਪਾ ਰੱਖੇ ਸਨ। ਸ਼ਾਇਦ ਨਵੀਂ-ਨਵੀਂ ਸ਼ਾਦੀ ਹੋਈ ਸੀ।

ਗਹਿਣਿਆਂ ਨਾਲ ਲੱਦੀ ਹੋਈ ਉਸ ਬਾਂਦਰੀ ਨੂੰ ਵੇਖ ਕੇ ਮੋਨੂੰ ਨੂੰ ਆਪਣੀ ਮਾਂ ਦੀ ਸਿਖਿਆ ਯਾਦ ਆ ਗਈ ਕਿ ਯਾਤਰਾ ਵਿਚ ਗਹਿਣੇ ਠਹੀਂ ਪਾਉਣੇ ਚਾਹੀਦੇ ਹਨ। ਜਾਨ ਨੂੰ ਖਤਰਾ ਹੋ ਸਕਦਾ ਹੈ। ਉਹ ਤਾਂ ਕਦੇ ਵੀ ਸਫਰ ਵਿਚ ਗਹਿਣੇ ਨਹੀਂ ਪਾਉਂਦੀ। ਉਹ ਕਹਿੰਦੀ ਹੈ – ਕਿਸੇ ਦੀ ਵੀ ਸ਼ੋਭਾ ਉਸ ਦੇ ਗੁਣਾ ਤੋਂ ਹੀ ਹੁੰਦੀ ਹੈ, ਗਹਿਣਿਆ ਤੋਂ ਨਹੀਂ। ਪਰ ਸਾਰੇ ਉਸ ਦੀ ਮਾਂ ਵਰਗੇ ਨਹੀਂ ਹੁੰਦੇ। ਤਾਂ ਹੀ ਤਾਂ ਇਹ ਬਾਂਦਰੀ ਐਨੇ ਗਹਿਣੇ ਪਾ ਕੇ ਯਾਤਰਾ ਕਰ ਰਹੀ ਹੈ।

ਤਦ ਹੀ ਉਸ ਦੀ ਨਜ਼ਰ ਸਾਹਮਣੇ ਵਾਲੀ ਬਰਥ ਉਤੇ ਬੈਠੇ ਇਕ ਹੱਟੇ-ਕੱਟੇ ਭਾਲੂ ਉਤੇ ਪਈ ਜੋ ਦੇਖਣ ਵਿਚ ਹੀ ਬਦਮਾਸ਼ ਲਗ ਰਿਹਾ ਸੀ ਅਤੇ ਲਗਾਤਾਰ ਉਸ ਗਹਿਣੇ ਵਾਲੀ ਬਾਂਦਰੀ ਨੂੰ ਹੀ ਵੇਖ ਰਿਹਾ ਸੀ।

ਮੋਨੂੰ ਬਾਂਦਰ ਦੇ ਮਨ ਵਿਚ ਸ਼ੱਕ ਹੋ ਗਿਆ ਕਿ ਸ਼ਾਇਦ ਇਹ ਕੋਈ ਚੋਰ ਹੈ। ਉਸ ਬਾਂਦਰੀ ਦੇ ਗਹਿਣੇ ਚੁਰਾਉਣ ਦੀ ਸੋਚ ਰਿਹਾ ਹੈ।

ਮੋਨੂੰ ਉਠ ਕੇ ਬਾਥਰੂਮ ਚਲਾ ਗਿਆ। ਕੁਝ ਦੇਰ ਬਾਅਦ ਜਦ ਉਹ ਵਾਪਸ ਆਇਆ ਤਾਂ ਡਿੱਬੇ ਦੀ ਹਾਲਤ ਵੇਖ ਕੇ ਉਹ ਕੰਬ ਗਿਆ। ਉਹ ਭਾਲੂ ਆਪਣੇ ਹੱਥ ਵਿਚ ਲੰਬਾ ਜਿਹਾ ਚਾਕੂ ਲੈ ਕੇ ਉਸ ਬਾਂਦਰੀ ਦੇ ਸਾਹਮਣੇ ਖੜਾ ਸੀ ਅਤੇ ਬਾਂਦਰੀ ਕੰਬਦੇ ਹੱਥਾਂ ਨਾਲ ਆਪਣੇ ਗਹਿਣੇ ਉਤਾਰ ਰਹੀ ਸੀ।

ਸਾਰੇ ਯਾਤਰੀ ਤਾਂ ਜਿਵੇਂ ਪ੍ਰਾਣਹੀਨ ਹੋ ਗਏ ਸਨ ਅਤੇ ਕਾਇਰਾਂ ਦੀ ਤਰ੍ਹਾਂ ਗਰਦਨ ਨੀਵੀਂ ਕਰ ਕੇ ਬੈਠੇ ਸਨ।

ਮੋਨੂੰ ਦਾ ਖੂਨ ਖੌਲ ਗਿਆ। ਜਲਦੀ ਹੀ

ਉਸ ਨੂੰ ਇਕ ਸੁਝਾਅ ਆਇਆ। ਉਸ ਭਾਲੂ ਦੀ ਪਿੱਠ ਮੋਨੂੰ ਦੇ ਵਲ ਸੀ। ਮੋਨੂੰ ਨੇ ਆਪਣਾ ਕ੍ਰਿਕਟ ਬੈਟ ਉਸ ਭਾਲੂ ਦੇ ਚਾਕੂ ਵਾਲੇ ਹੱਥ ਉਤੇ ਜ਼ੋਰ ਦੀ ਮਾਰਿਆ।

ਅਚਾਨਕ ਹੋਏ ਹਮਲੇ ਕਾਰਣ ਉਸ ਦਾ ਚਾਕੂ ਉਸ ਤੇ ਪੈਰ ਉਤੇ ਡਿੱਗ ਗਿਆ। ਉਹ ਦਰਦ ਨਾਲ ਕੰਬ ਉਠਿਆ।

ਮੋਨੂੰ ਬਾਂਦਰ ਜ਼ੋਰ ਦੀ ਚੀਕਣ ਲੱਗਿਆ – ਫੜ ਲਉ ਇਸ ਨੂੰ।

ਇਸ ਤੋਂ ਪਹਿਲਾਂ ਕਿ ਉਹ ਬਦਮਾਸ਼ ਭਾਲੂ ਝੁਕ ਕੇ ਚਾਕੂ ਚੁੱਕਦਾ, ਸਾਰੇ ਜਾਨਵਰਾਂ ਨੇ ਉਸ ਨੂੰ ਕੱਸ ਕੇ ਫੜ ਲਿਆ।

ਕੁਝ ਹੀ ਦੇਰ ਬਾਅਦ ਗੱਡੀ ਦੀ ਰਫਤਾਰ ਹੌਲੀ ਹੋ ਗਈ। ਸ਼ਾਇਦ ਮਧੁਵਨ ਸਟੇਸ਼ਨ ਆ ਗਿਆ ਸੀ।

ਮੋਨੂੰ ਬਾਂਦਰ ਭੱਜ ਕੇ ਸਟੇਸ਼ਨ ਮਾਸਟਰ ਕੋਲ ਗਿਆ। ਪੁਲਿਸ ਨੂੰ ਸੂਚਨਾ ਦਿੱਤੀ ਗਈ। ਪੁਲਿਸ ਡਿੱਬੇ ਵਿਚ ਪਹੁੰਚੀ ਅਤੇ ਬਦਮਾਸ਼ ਭਾਲੂ ਨੂੰ ਫੜ ਕੇ ਥਾਨੇ ਲੈ ਗਈ।

ਬਾਅਦ ਵਿਚ ਸਭ ਜਾਨਵਰਾਂ ਨੇ ਜੋ ਉਸ ਡਿੱਬੇ ਵਿਚ ਯਾਤਰਾ ਕਰ ਰਹੇ ਸਨ, ਮੋਨੂੰ ਬਾਂਦਰ ਦੀ ਹਿੰਮਤ ਦੀ ਤਾਰੀਫ ਕੀਤੀ।

ਉਸ ਦੀ ਬਹਾਦੁਰੀ ਲਈ 'ਜੰਗਲ ਦਿਵਸ' ਦੇ ਮੌਕੇ ਉਤੇ ਮੋਨੂੰ ਨੂੰ ਵਿਸ਼ੇਸ਼ ਪੁਰਸਕਾਰ ਦਿੱਤਾ ਗਿਆ।

❐ ਵਿਦਿਆ ਪ੍ਰਕਾਸ਼

ਗਾਂਧੀ ਜੀ ਦੇ ਤਿੰਨ ਬਾਂਦਰ

ਮਹਾਤਮਾ ਗਾਂਧੀ ਦੇ ਤਿੰਨ ਬਾਂਦਰਾਂ ਦੇ ਬਾਰੇ ਕੌਣ ਨਹੀ ਜਾਣਦਾ। ਸਾਰਿਆਂ ਨੇ ਇਹਨਾਂ ਬਾਰੇ ਕੁਝ ਨਾ ਕੁਝ ਜ਼ਰੂਰ ਸੁਣਿਆ ਹੈ ਪਰ ਇਹ ਬਹੁਤ ਹੀ ਘੱਟ ਲੋਕਾਂ ਨੂੰ ਪਤਾ ਹੈ ਕਿ ਗਾਂਧੀ ਜੀ ਦੇ ਇਹ ਤਿੰਨ ਬਾਂਦਰ ਆਏ ਕਿੱਥੋਂ ਸਨ?

ਗਾਂਧੀ ਜੀ ਦੇ ਇਹ ਤਿੰਨ ਬਾਂਦਰ ਜਾਪਾਨੀ ਸੰਸਕ੍ਰਿਤੀ ਦੀ ਦੇਨ ਹੈ। 1617 ਵਿਚ ਜਾਪਾਨ ਦੇ ਭੈਰੋਸ਼ੁ ਦੀ ਬਣਾਈ ਗਈ ਸਮਾਧੀ ਉਤੇ ਇਹਨਾਂ ਤਿੰਨਾਂ ਬਾਂਦਰਾਂ ਦਾ ਆਪਸੀ ਮਿਲਾਪ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਤਿੰਨ ਬਾਂਦਰ ਬੁਰਾ ਨਾ ਸੁਣੋ, ਬੁਰਾ ਨਾ ਵੇਖੋ ਅਤੇ ਬੁਰਾ ਨਾ ਬੋਲੋ ਦੇ ਤਿੰਨ ਸਿਧਾਤਾਂ ਵਲ ਸੰਕੇਤ ਕਰਦੇ ਹਨ, ਉਹ ਅਸਲ ਵਿਚ ਚੀਨ ਦਾਰਸ਼ਨਿਕ ਕੰਨਫਿਊਸ਼ਿਅਸ ਦੇ ਹਨ।

ਅਠਵੀਂ ਸ਼ਤਾਬਦੀ ਵਿਚ ਇਹ ਸਿਧਾਂਤ ਚੀਨ ਤੋਂ ਜਾਪਾਨ ਪਹੁੰਚੇ। ਉਸ ਸਮੇਂ ਜਾਪਾਨ ਵਿਚ ਮਿੱਟੋ ਸੰਪ੍ਰਦਾਇ ਦਾ ਬੋਲਬਾਲਾ ਸੀ।

ਮਿੱਟੋ ਸੰਪ੍ਰਦਾਇ ਵਿਚ ਬਾਂਦਰਾਂ ਨੂੰ ਕਾਫੀ ਸਨਮਾਨ ਦਿੱਤਾ ਜਾਂਦਾ ਹੈ। ਇਸ ਲਈ ਇਸ ਵਿਚਾਰਧਾਰਾ ਨੂੰ ਬਾਂਦਰਾ ਦਾ ਪ੍ਰਤੀਕ ਸਵਰੂਪ ਦੇ ਦਿੱਤਾ ਗਿਆ। ਇਹ ਯੂਨੇਸਕੋ ਦੀ ਵਿਸ਼ਵ ਪ੍ਰਸਿਧ ਸੂਚੀ ਵਿਚ ਸ਼ਾਮਿਲ ਹਨ।

ਇਹਨਾਂ ਬਾਂਦਰਾਂ ਦੇ ਨਾਂ ਮਿਜੋਰੂ (ਬੁਰਾ ਨਾ ਵੇਖੋ), ਮਿਕਾਜਾਰੂ (ਬੁਰਾ ਨਾ ਸੁਣੋ), ਮਜਾਰੂ) ਬੁਰਾ ਨਾ ਬੋਲੋ) ਹਨ। ■

ਟਾਈ ਦਾ ਇਤਿਹਾਸ

ਪ੍ਰਸ਼ਨ - ਪਹਿਲੀ ਵਾਰ ਨੈਕਟਾਈ ਕਦੋਂ ਪਾਈ ਗਈ?

ਉੱਤਰ - ਸਭ ਤੋਂ ਪਹਿਲਾਂ 17ਵੀਂ ਸਦੀ ਵਿਚ ਫਰਾਂਸ ਦੇ ਲੂਈ ਚੌਦਵੇਂ ਦੀ ਸੈਨਾ ਦੇ ਸਿਪਾਹੀਆਂ ਨੇ ਟਾਈ ਪਾਈ ਸੀ। ਫਰਾਂਸੀਸੀ ਕਰਾਂਤੀ ਦੇ ਬਾਅਦ ਨੈਕਟਾਈ ਗਾਇਬ ਹੋ ਗਈ ਲੇਕਿਨ 19 ਵੀਂ ਸਦੀ ਵਿਚ ਫਿਰ ਪ੍ਰਗਟ ਹੋ ਗਈ।

ਪ੍ਰਸ਼ਨ - ਨੈਕਟਾਈ ਦਾ ਪਰੰਪਰਿਕ ਨਾਂ ਕੀ ਹੈ?

ਉੱਤਰ - ਇਸ ਦਾ ਪਰੰਪਰਿਕ ਨਾਂ ਹੈ ਕ੍ਰਵੇਟ।

ਪ੍ਰਸ਼ਨ - ਲੰਮੀ ਲਹਿਰਾਉਂਦੀ ਟਾਈ ਦੀ ਸ਼ੁਰੂਆਤ ਕਿਸ ਨੇ ਕੀਤੀ?

ਉੱਤਰ - ਅੰਗਰੇਜੀ ਦੇ ਪ੍ਰਸਿੱਧ ਕਵੀ ਲਾਰਡ ਬਾਇਰਨ ਨੇ।

ਪ੍ਰਸ਼ਨ - ਸਭ ਤੋਂ ਪਹਿਲਾਂ ਕਿਸ ਕਿਤਾਬ ਵਿਚ ਟਾਈ ਪਾਉਣ ਦੇ ਤਰੀਕੇ ਵਿਸਥਾਰ ਨਾਲ ਦੱਸੇ ਗਏ ਹਨ?

ਉੱਤਰ - 1818 ਵਿਚ ਪ੍ਰਕਾਸ਼ਿਤ ਟਾਈਟੇਨੀਆ ਵਿਚ 20 ਤਰ੍ਹਾਂ ਦੀਆਂ ਟਾਈਆਂ ਅਤੇ ਉਹਨਾਂ ਨੂੰ ਪਾਉਣ ਦੇ ਕਈ ਤਰੀਕਿਆਂ ਤੇ ਰੋਸ਼ਨੀ ਪਾਈ ਗਈ।

ਪ੍ਰਸ਼ਨ - ਆਖਿਰ ਟਾਈ ਕਿਉਂ ਪਾਈ ਜਾਂਦੀ ਹੈ?

ਉੱਤਰ - ਸਾਡੇ ਕਪੜਿਆਂ ਵਿਚ ਇਹ ਹੀ ਇਕ ਇਹੋ ਜਿਹੀ ਚੀਜ਼ ਹੈ ਜਿਸ ਦਾ ਕੋਈ ਵਿਵਹਾਰਿਕ ਉਪਯੋਗ ਨਹੀਂ ਹੈ। ਕੌਣ ਭੱਦਰ ਪੁਰਸ਼ ਹੈ ਜੋ ਇਹ ਨਹੀਂ ਕਹਿੰਦਾ ਕਿ ਇਸ ਨਾਲ ਦਮ ਘੁੱਟਦਾ ਹੈ ਲੇਕਿਨ ਕੌਣ ਭੱਦਰ ਪੁਰਸ਼ ਹੈ ਜੋ ਇਸ ਦੇ ਬਿਨਾ ਬਾਹਰ ਨਿਕਲਦਾ ਹੈ।

✍ ਸਤਿਆਵਾਨ ਮਲਿਕ

ਵਿਗਿਆਨ ਪ੍ਰਸ਼ਨੋਤਰੀ

❐ ਘਮੰਡੀਲਾਲ ਅਗਰਵਾਲ

ਪ੍ਰਸ਼ਨ – ਪੁਲਾਂ ਦੇ ਸਿਰਿਆਂ ਨੂੰ ਰੋਲਰਾਂ ਉਤੇ ਕਿਉਂ ਟਿਕਾਇਆ ਜਾਂਦਾ ਹੈ?

ਉੱਤਰ – ਪੁਲਾਂ ਦੇ ਵੱਡੇ-ਵੱਡੇ ਭਾਗ ਇਸਪਾਤ ਦੇ ਬਣੇ ਹੁੰਦੇ ਹਨ। ਇਹ ਗਰਮੀ ਵਿਚ ਸੂਰਜ ਦੀ ਊਸ਼ਮਾ ਨਾਲ ਫੈਲਦੇ ਹਨ। ਅਜਿਹੀ ਸਥਿਤੀ ਵਿਚ ਜਿਸ ਦੀਵਾਰ ਉਤੇ ਪੁਲ ਬਣਿਆ ਹੁੰਦਾ ਹੈ ਉਸ ਉਤੇ ਦਬਾਅ ਪੈਂਦਾ ਹੈ।ਇਸ ਕਾਰਣ ਇਸ ਦਾ ਰੂਪ ਵੀ ਵਿਗੜ ਸਕਦਾ ਹੈ। ਇਸ ਤੋਂ ਬਚਣ ਵਾਸਤੇ ਇਸਪਾਤ ਦੇ ਇਹਨਾਂ ਸਿਰਿਆਂ ਨੂੰ ਰੋਲਰਾਂ ਉਤੇ ਟਿਕਾਇਆ ਜਾਂਦਾ ਹੈ ਤਾਂ ਕਿ ਊਸ਼ਮਾਂ ਦੇ ਪ੍ਰਸਾਰ ਦਾ ਪ੍ਰਭਾਵ ਪੁਲਾਂ ਉਤੇ ਨਾ ਪੈ ਸਕੇ।

ਪ੍ਰਸ਼ਨ – ਤੁਸੀਂ ਬਹੁਤ ਨੇੜੇ ਹੋ ਕੇ ਪੜ੍ਹਨ ਵਿਚ ਕਠਿਨਾਈ ਕਿਉਂ ਮਹਿਸੂਸ ਕਰਦੇ ਹੋ?

ਉੱਤਰ – ਨੇਤਰ ਲੈਂਸ ਆਪਣੀ ਸ਼ਕਤੀ ਅਤੇ ਗੁਣਾ ਦੇ ਕਾਰਣ ਫੋਕਸ ਦੂਰੀ ਨੂੰ ਕੁਝ ਸੀਮਾਂ ਤਕ ਬਦਲਦਾ ਹੈ ਲੇਕਿਨ ਇਕ ਨਿਸ਼ਚਿਤ ਸੀਮਾਂ ਤੋਂ ਹੇਠਾਂ ਇਹ ਫੋਕਸ ਦੂਰੀ ਨੂੰ ਨਹੀਂ ਬਦਲ ਸਕਦਾ। ਜੇ ਕੋਈ ਪੁਸਤਕ ਤੁਹਾਡੀਆਂ ਅੱਖਾਂ ਤੋਂ ਬਹੁਤ ਨੇੜੇ ਹੋਵੇ ਤਾਂ ਇਸ ਵਿਚ ਐਨੀ ਤਬਦੀਲੀ ਨਹੀਂ ਹੁੰਦੀ ਕਿ ਉਸ ਨੂੰ ਠੀਕ-ਠਾਕ ਵੇਖਣ ਵਿਚ ਸਹਾਇਤਾ ਮਿਲ ਸਕੇ। ਇਸ ਲਈ ਬਹੁਤ ਨੇੜੇ ਹੋ ਕੇ ਪੜ੍ਹਨ ਵਿਚ ਕਠਿਨਾਈ ਮਹਿਸੂਸ ਹੁੰਦੀ ਹੈ। ਅੱਖਾਂ ਤੇ ਦਬਾਅ ਪੈਣ ਨਾਲ ਅੱਖਰ ਵੀ ਧੁੰਦਲੇ ਦਿਖਾਈ ਦਿੰਦੇ ਹਨ।

ਪ੍ਰਸ਼ਨ – ਤਾਰੇ ਵੱਖ-ਵੱਖ ਰੰਗਾਂ ਦੇ ਕਿਉਂ ਦਿਖਾਈ ਦਿੰਦੇ ਹਨ?

ਉੱਤਰ – ਰਾਤ ਦੇ ਸਮੇਂ ਅਕਾਸ਼ ਵਿਚ ਦਿਖਾਈ ਦੇਣ ਵਾਲੇ ਤਾਰੇ ਤਾਪਮਾਨ ਦੇ ਕਾਰਣ ਵੱਖ-ਵੱਖ ਰੰਗਾਂ ਦੇ ਦਿਖਾਈ ਦਿੰਦੇ ਹਨ। ਉਹਨਾਂ ਦੇ ਰੰਗ ਉਹਨਾਂ ਦੇ ਤਾਪਮਾਨ ਨੂੰ ਦੱਸਦੇ ਹਨ। ਜੋ ਤਾਰੇ ਲਾਲ ਰੰਗ ਦੇ ਦਿਖਾਈ ਦਿੰਦੇ ਹਨ ਉਹਨਾਂ ਦਾ ਤਾਪਮਾਨ ਘੱਟ ਹੁੰਦਾ ਹੈ। ਜਿਆਦਾ ਤਾਪਮਾਨ ਵਾਲੇ ਤਾਰੇ ਸਫੇਦ ਰੰਗ ਦੇ ਦਿਸਦੇ ਹਨ। ਜੋ ਤਾਰੇ ਨੀਲੇ ਰੰਗ ਦੇ ਦਿਸਦੇ ਹਨ ਉਹਨਾਂ ਦਾ ਤਾਪਮਾਨ ਬਹੁਤ ਜ਼ਿਆਦਾ ਹੁੰਦਾ ਹੈ।

ਪ੍ਰਸ਼ਨ – ਰਾਤ ਦੇ ਸਮੇਂ ਤਾਰੇ ਪਰਿਕਰਮਾ ਕਰਦੇ ਹੋਏ ਕਿਉਂ ਦਿਖਾਈ ਦਿੰਦੇ ਹਨ?

ਉੱਤਰ – ਪ੍ਰਿਥਵੀ ਆਪਣੇ ਅਕਸ਼ (Axis) ਤੇ ਘੁੰਮਦੀ ਹੈ। ਲੇਕਿਨ ਇਸ ਦੀ ਜਾਣਕਾਰੀ ਸਾਨੂੰ ਨਹੀਂ ਹੋ ਸਕਦੀ। ਸਾਨੂੰ ਇੰਜ ਲਗਦਾ ਹੈ ਕਿ ਤਾਰੇ ਪਰਿਕਰਮਾ ਕਰ ਰਹੇ ਹਨ। ਜਿਵੇਂ-ਜਿਵੇਂ ਰਾਤ ਬੀਤਦੀ ਹੈ, ਆਕਾਸ਼ ਵਿਚ ਉਹਨਾਂ ਦੀ ਸਥਿਤੀ ਵੀ ਬਦਲਦੀ ਰਹਿੰਦੀ ਹੈ।

ਕੀ ਪੌਦੇ ਵੀ ਕੀੜੇ ਖਾਂਦੇ ਹਨ?

ਪਿਆਰੇ ਬੱਚਿਉ ! ਕੀ ਤੁਸੀਂ ਜਾਣਦੇ ਹੋ ਕਿ ਧਰਤੀ ਉਤੇ ਕੁਝ ਅਜਿਹੇ ਪੇੜ-ਪੌਦੇ ਹੁੰਦੇ ਹਨ ਜੋ ਕੀੜੇ ਖਾਂਦੇ ਹਨ। ਹੁਣ ਤਕ ਇਹੋ ਜਿਹੇ ਤਿੰਨ ਵੱਖ-ਵੱਖ ਕਿਸਮ ਦੇ ਪੌਦੇ ਮਿਲੇ ਹਨ ਜੋ ਕੀੜਿਆਂ ਨੂੰ ਆਪਣਾ ਭੋਜਨ ਬਣਾਉਂਦੇ ਹਨ ਅਤੇ ਇਹਨਾਂ ਵਿਚੋਂ ਹਰ ਕੋਈ ਐਨਾ ਹੁਸ਼ਿਆਰ ਅਤੇ ਕਰੂਰ ਹੁੰਦਾ ਹੈ ਜਿਨਾਂ ਕਿ ਉਹ ਜਾਨਵਰ ਜੋ ਸ਼ਿਕਾਰ ਲਈ ਨਿਕਲਦਾ ਹੈ। ਤੁਸੀਂ ਇਹ ਤਾਂ ਜਾਣਦੇ ਹੀ ਹੋਵੋਗੇ ਕਿ ਪੌਦਿਆਂ ਨੂੰ ਭੋਜਨ ਦੀ ਲੋੜ ਹੁੰਦੀ ਹੈ। ਜਿਆਦਾਤਰ ਪੇੜ-ਪੌਦੇ ਪ੍ਰਕਾਸ਼ ਸੰਸਲੇਸ਼ਣ ਜਾਂ ਮਿਟੀ ਪਾਣੀ, ਖਾਦ ਤੋਂ ਆਪਣਾ ਭੋਜਨ ਪ੍ਰਾਪਤ ਕਰਦੇ ਹਨ ਪਰੰਤੂ ਇਹ ਤਿੰਨ ਪੌਦੇ ਕੀੜਿਆਂ ਨੂੰ ਆਪਣਾ ਭੋਜਨ ਬਣਾਉਂਦੇ ਹਨ।

ਇਹਨਾਂ ਵਿਚੋਂ ਸਭ ਤੋਂ ਮਸ਼ਹੂਰ **ਪਿਚਰ ਪਲਾਂਟ** ਹੈ ਜੋ ਬੋਰਨੀਉ ਅਤੇ ਟ੍ਰਾਪਿਕਲਏਸ਼ੀਆ ਵਿਚ ਮਿਲਦਾ ਹੈ। ਇਸ ਪੌਦੇ ਤੋਂ ਇਕ ਮਿਠਾ ਜੂਸ ਨਿਕਲਦਾ ਹੈ ਜੋ ਕੀੜਿਆਂ ਨੂੰ ਆਪਣੇ ਵੱਲ ਖਿੱਚਦਾ ਹੈ। ਆਪਣੇ ਸ਼ਿਕਾਰ ਨੂੰ ਫਸਾਉਣ ਦੇ ਲਈ ਇਸ ਪੌਦੇ ਦੇ ਕੋਲ ਲਾਲ ਰੰਗ ਦਾ ਰਿਮ ਅਤੇ ਕਵਰ ਹੁੰਦਾ ਹੈ। ਕੀੜਾ ਇਸ ਨੂੰ ਵੇਖਣ ਅਤੇ ਰਸ ਪੀਣ ਲਈ ਆਉਂਦਾ ਹੈ। ਉਹ ਪੌਦੇ ਦੇ ਰਿਮ ਉਤੇ ਚੜਦਾ ਹੈ ਜੋ ਕਿ ਪਿੱਚਰ ਦੇ ਆਕਾਰ ਦਾ ਹੁੰਦਾ ਹੈ। ਪਿੱਚਰ ਦਾ ਅੰਦਰੂਨੀ ਭਾਗ ਐਨਾ ਚਿਕਨਾ ਹੁੰਦਾ ਹੈ ਕਿ ਕੀੜਾ ਉਸ ਵਿਚ ਫਿਸਲ ਜਾਂਦਾ ਹੈ ਅਤੇ ਆਪਣੇ ਆਪ ਨੂੰ ਰੋਕ ਨਹੀਂ ਸਕਦਾ।

ਪਿਚਰ ਦੀ ਤਲੀ ਵਿਚ ਸ਼ਕਤੀਸ਼ਾਲੀ ਤਰਲ ਪਦਾਰਥ ਕੀੜੇ ਦਾ ਇੰਤਜ਼ਾਰ ਕਰ ਰਿਹਾ ਹੁੰਦਾ ਹੈ। ਜਿਸ

ਵਿਚ ਕੀੜਾ ਡੁੱਬ ਜਾਂਦਾ ਹੈ। ਇੰਜ ਤਰਲ ਪਦਾਰਥ ਆਪਣਾ ਕੰਮ ਪੂਰਾ ਕਰਦਾ ਹੈ ਤਾਂਕਿ ਪੌਦੇ ਨੂੰ ਭੋਜਨ ਮਿਲੇ।

ਸਨਡਿਊ ਪੌਦਾ ਇਸ ਕਿਸਮ ਦਾ ਦੂਸਰਾ ਪੌਦਾ ਹੈ ਜਿਸ ਦੀ ਕੀੜੇ ਨੂੰ ਆਪਣਾ ਭੋਜਨ ਬਨਾਉਣ ਵਾਲੀ ਤਰਕੀਬ ਹੈਰਾਨ ਕਰ ਦਿੰਦੀ ਹੈ।

ਇਸ ਪੌਦੇ ਦੇ ਹਰ ਇਕ ਪੱਤੇ ਦਾ ਉਪਰੀ ਹਿੱਸਾ ਵਾਲਾਂ ਵਰਗੀ ਚੀਜ਼ ਨਾਲ ਢੱਕਿਆ ਹੁੰਦਾ ਹੈ, ਜਿਨ੍ਹਾਂ ਵਿਚੋਂ ਚਿਪਚਿਪਾ ਤਰਲ ਪਦਾਰਥ ਕੀੜਿਆਂ ਨੂੰ ਆਕਰਸ਼ਿਤ ਕਰਨ ਲਈ ਨਿਕਲਦਾ ਹੈ। ਇਹ ਬੂੰਦਾਂ ਵਰਗਾ ਲਗਦਾ ਹੈ, ਜਿਸ ਨਾਲ ਇਸ ਪੌਦੇ ਦਾ ਨਾਂ ਪਿਆ ਹੈ। ਜਿਵੇਂ ਹੀ ਕੋਈ ਕੀੜਾ ਵਾਲਾਂ ਨੂੰ ਸਪਰਸ਼ ਕਰਦਾ ਹੈ, ਉਹ ਚਿਪਕ ਜਾਂਦਾ ਹੈ। ਫਿਰ ਬਾਕੀ ਸਾਰੇ ਵਾਲ ਪੱਤੇ ਦੇ ਕੇਂਦਰ ਵੱਲ ਮੁੜਨ ਲਗਦੇ ਹਨ ਜਦ ਤਕ ਕਿ ਕੀੜਾ ਪੱਤੇ ਨਾਲ ਪੂਰੀ ਤਰ੍ਹਾਂ ਲਿਪਟ ਨਾ ਜਾਵੇ। ਕੀੜੇ ਨੂੰ ਜਿਸ ਤਰਲ ਪਦਾਰਥ ਨੇ ਘੇਰਿਆ ਹੁੰਦਾ ਹੈ ਉਹ ਉਸ ਨੂੰ ਪਚਾਉਣਾ ਸ਼ੁਰੂ ਕਰ ਦਿੰਦਾ ਹੈ। ਲਗਭਗ ਦੋ ਦਿਨ ਬਾਅਦ ਜਦੋਂ ਕੰਮ ਪੂਰਾ ਹੋ ਜਾਂਦਾ ਹੈ ਤਾਂ ਵਾਲਾਂ ਵਰਗੇ ਫਨ ਫਿਰ ਖੁੱਲ ਜਾਂਦੇ ਹਨ।

ਤੀਜਾ ਪੌਦਾ ਉਤੱਰੀ ਅਤੇ ਦੱਖਣੀ ਕੈਰੋਲੀਨਾ ਵਿਚ ਮਿਲਦਾ ਹੈ ਜਿਸ ਨੂੰ **ਵੀਨਸ ਫਲਾਈਟ੍ਰੈਪ** ਕਹਿੰਦੇ ਹਨ। ਇਹ ਆਪਣੇ ਪੱਤਿਆਂ ਨੂੰ ਖੋਲ੍ਹ ਕੇ ਇਸ ਤਰ੍ਹਾਂ ਬੈਠਦਾ ਹੈ ਜਿਵੇਂ ਭੁੱਖੇ ਜਬੜੇ ਖੁੱਲੇ ਹੋਏ ਹੋਣ। ਜਦ ਕੋਈ ਮੱਖੀ ਜਾਂ ਕੀੜਾ ਉਸ ਦੇ ਪੱਤੇ ਉਤੇ ਉਗਣ ਵਾਲੇ ਵਾਲਾਂ ਨੂੰ ਸਪਰਸ਼ ਕਰਦਾ ਹੈ ਤਾਂ ਇਹ ਪੌਦਾ ਆਪਣੇ ਆਪ ਨੂੰ ਬੰਦ ਕਰ ਲੈਂਦਾ ਹੈ ਕੁਝ ਸਮੇਂ ਬਾਅਦ ਫਿਰ ਉਹ ਦੂਜੇ ਸ਼ਿਕਾਰ ਦੇ ਲਈ ਆਪਣਾ 'ਜਬੜਾ' ਖੋਲ੍ਹ ਦਿੰਦਾ ਹੈ।

❑ ਹਰਜਿੰਦਰ ਕੌਰ

□ ਵਿਪਿਨ ਕੁਮਾਰ

ਕਿਤਾਬ ਦੇ ਪੰਨੇ

ਨਿਸ਼ੀ ਦਾ ਮਨ ਗਣਿਤ ਛੱਡ ਕੇ ਕਿਸੇ ਵੀ ਵਿਸ਼ੇ ਨੂੰ ਪੜ੍ਹਨ ਵਿਚ ਨਹੀਂ ਲਗਦਾ ਸੀ। ਉਹ ਰਾਤ ਦਿਨ ਗਣਿਤ ਦੇ ਸਵਾਲਾਂ ਵਿਚ ਹੀ ਉਲਝੀ ਰਹਿੰਦੀ ਸੀ। ਇਸ ਕਰਕੇ ਉਹ ਪੇਪਰਾਂ ਦੇ ਬਾਕੀ ਵਿਸ਼ਿਆਂ ਵਿਚ ਫੇਲ ਹੋ ਜਾਂਦੀ ਸੀ। ਘਰ ਵਿਚ ਮਾਤਾ-ਪਿਤਾ ਅਤੇ ਸਕੂਲ ਵਿਚ ਅਧਿਆਪਕ ਸਮਝਾਉਂਦੇ ਸਨ – ਵੇਖ ਨਿਸ਼ੀ ! ਜੀਵਨ ਵਿਚ ਸਫਲਤਾ ਲਈ ਸਾਰੇ ਵਿਸ਼ਿਆਂ ਦਾ ਗਿਆਨ ਜ਼ਰੂਰੀ ਹੈ। ਹੁਸ਼ਿਆਰ ਵਿਦਿਆਰਥੀਆਂ ਨੂੰ ਸਭ ਵਿਸ਼ਿਆਂ ਉਤੇ ਧਿਆਨ ਦੇਣਾ ਚਾਹੀਦਾ ਹੈ।

ਪਰੰਤੂ ਨਿਸ਼ੀ ਨੂੰ ਕੋਈ ਫਰਕ ਨਹੀਂ ਪਿਆ। ਉਹ ਉਸ ਤਰ੍ਹਾਂ ਹੀ ਕਰਦੀ ਰਹੀ।

ਬਾਕੀ ਦਿਨਾਂ ਦੀ ਤਰ੍ਹਾਂ ਉਸ ਦਿਨ ਵੀ ਉਹ ਗਣਿਤ ਦੇ ਸਵਾਲ ਹੱਲ ਕਰ ਰਹੀ ਸੀ ਕਿ ਉਸ ਨੂੰ ਨੀਂਦ ਆ ਗਈ। ਉਸ ਦਾ ਬੈਗ, ਪੈਂਸਿਲ ਬੌਕਸ, ਪੈਨ ਸਭ ਉਸ ਦੇ ਪੈਰਾਂ ਵਿਚ ਬਿਖਰੇ ਪਏ ਸਨ।

ਅੱਖ ਲਗਦੇ ਹੀ ਉਸ ਨੇ ਵੇਖਿਆ ਕਿ ਪੰਜਾਬੀ ਦੀ ਕਿਤਾਬ ਉਸ ਦੇ ਥੈਲੇ ਵਿਚੋਂ ਬਾਹਰ ਨਿਕਲ ਕੇ ਇਕ ਸਫੇਦ ਪਰੀ ਬਣ ਕੇ ਕਮਰੇ ਤੋਂ ਬਾਹਰ ਜਾ ਰਹੀ ਹੈ ਅਤੇ ਨਾਲ-ਨਾਲ ਕਹਿ ਰਹੀ ਹੈ ਕਿ ਨਿਸ਼ੀ ਮੈਂ ਤੇਰੇ ਕੋਲ ਨਹੀਂ ਰਹਾਂਗੀ। ਤੂੰ ਮੈਨੂੰ ਪੜ੍ਹਦੀ ਨਹੀਂ ਹੈ, ਤਾਂ ਇੱਥੇ ਰਹਿਣ ਦਾ ਕੀ ਫਾਇਦਾ।

ਨਿਸ਼ੀ ਕੁਝ ਕਹਿਣ ਹੀ ਲੱਗੀ ਸੀ ਕਿ ਹਿੰਦੀ ਦੀ ਕਿਤਾਬ ਦੇ ਪੰਨੇ ਫੜਫੜਾਉਣ ਲਗ ਗਏ ਅਤੇ ਕਿਤਾਬ ਕਾਲੀ ਤਿਤਲੀ ਬਣ ਕੇ ਬਾਹਰ ਨੂੰ ਉਡੱਣ ਲੱਗੀ। ਉਸ ਨੇ ਘੂਰਦੇ ਹੋਏ ਨਿਸ਼ੀ ਨੂੰ ਕਿਹਾ – ਨਿਸ਼ੀ ਮੈਂ ਤੇਰੇ ਥੈਲੇ ਵਿਚ ਹੁਣ ਨਹੀਂ ਰਹਾਂਗੀ ਤੂੰ ਮੈਨੂੰ ਕਦੇ ਪੜ੍ਹਦੀ ਹੀ ਨਹੀਂ ਹੈ ਪਰੰਤੂ ਮੇਰੇ ਗਿਆਨ ਦੇ ਬਿਨਾ ਤੂੰ ਨਾ ਠੀਕ ਤਰ੍ਹਾਂ ਨਾਲ ਬੋਲ ਸਕੇਗੀ ਨਾ ਹੀ ਕੁਝ ਲਿਖ ਸਕਦੀ ਹੈ।''

ਨਿਸ਼ੀ ਆਪਣੀਆਂ ਬਾਕੀ ਕਿਤਾਬਾਂ ਨੂੰ ਥੈਲੇ ਤੋਂ ਨਿਕਲਣ ਨਹੀਂ ਦੇਣ ਲਈ ਥੈਲੇ ਦਾ ਬਟਨ ਲਾਉਣਾ ਹੀ ਚਾਹੁੰਦੀ ਸੀ ਕਿ ਸਮਾਜਿਕ ਵਿਗਿਆਨ ਦੀ ਪੁਸਤਕ ਦੇ ਪੰਨਿਆਂ ਦੇ ਚਿੱਤਰ ਅਤੇ ਨਕਸ਼ੇ ਮਿਟ ਗਏ। ਕਿਤਾਬ ਦੇ ਪੰਨੇ ਪਹਿਲਾਂ ਤਾਂ ਸਫੇਦ ਹੋ ਗਏ ਫਿਰ ਉਹ ਰੂੰ ਦੇ ਨਿੱਕੇ-ਨਿੱਕੇ ਗੋਲੇ ਬਣ ਕੇ ਅਕਾਸ਼ ਵਿਚ ਉਡੱ ਗਏ। ਉਹਨਾਂ ਨੇ ਨਿਸ਼ੀ ਨੂੰ ਚਿਤਾਵਨੀ ਦਿੱਤੀ – ਨਿਸ਼ੀ ਮੈਂ ਜਾ ਰਹੀ ਹਾਂ ਤੂੰ ਮੈਨੂੰ ਗਣਿਤ ਦੇ ਚੱਕਰ ਵਿਚ ਕਦੇ ਪੜ੍ਹਿਆ ਹੀ ਨਹੀਂ। ਪਰੰਤੂ ਯਾਦ ਰੱਖੀਂ ਬਿਨਾਂ ਮੇਰੇ ਗਿਆਨ ਦੇ ਆਦਮੀ ਦੀਨ ਦੁਨੀਆਂ ਤੋਂ ਵੱਖਰਾ ਹੀ ਰਹਿ ਜਾਂਦਾ ਹੈ। ਆਪਣੇ ਇਤਿਹਾਸ, ਸਮਾਜ, ਦੇਸ਼, ਕਰਤੱਵ ਅਤੇ ਅਧਿਕਾਰ ਦੇ ਬਾਰੇ ਤੂੰ ਕਿਸ ਤਰ੍ਹਾਂ ਜਾਣ ਸਕੇਗੀ।

ਇਸ ਤੋਂ ਪਹਿਲਾਂ ਨਿਸ਼ੀ ਕੁਝ ਬੋਲ ਸਕਦੀ ਅੰਗਰੇਜ਼ੀ ਵਾਲੀ ਪੁਸਤਕ ਹਰੀ ਹੋ ਗਈ ਅਤੇ



ਤੋਤਾ ਬਣ ਕੇ ਉਡੱਣ ਲੱਗੀ। ਉਡੱਦੇ-ਉਡੱਦੇ ਉਹ ਆਪਣਾ ਦਰਦ ਬਿਆਨ ਕਰਨ ਲੱਗੀ- ਨਿਸ਼ੀ ਤੂੰ ਮੈਨੂੰ ਬਿਨਾਂ ਪੜੇ ਕਿਸ ਤਰ੍ਹਾਂ ਗਣਿਤ ਦੇ ਪ੍ਰਸ਼ਨਾਂ ਨੂੰ ਸਮਝ ਸਕੇਗੀ? ਕਿਵੇਂ ਤੂੰ ਇੰਜੀਨਿਰਿੰਗ, ਮੈਡੀਕਲ, ਕੰਪਊਟਰ ਆਦਿ ਦੀਆਂ ਕਿਤਾਬਾਂ ਪੜ੍ਹ ਸਕੇਂਗੀ?

ਨਿਸ਼ੀ ਕੁਝ ਬੋਲਣਾ ਹੀ ਚਾਹੁੰਦੀ ਸੀ ਕਿ ਉਸ ਨੇ ਵੇਖਿਆ ਉਸ ਦੀ ਸਭ ਤੋਂ ਪਿਆਰੀ ਗਣਿਤ ਦੀ ਕਿਤਾਬ ਇਕ ਕਾਲੀ ਛਾਂ ਬਣ ਕੇ ਉਥੋਂ ਗਾਇਬ ਹੋ ਗਈ। ਨਿਸ਼ੀ ਨੇ ਸੁਣਿਆ ਉਹ ਕਾਲੀ ਛਾਂ ਕਹਿ ਰਹੀ ਸੀ - ਨਿਸ਼ੀ ਮੈਂ ਇਕੱਲੀ ਰਹਿ ਕੇ ਕੀ ਕਰਾਂਗੀ? ਤੂੰ ਮੇਰੀਆਂ ਸਭ ਭੈਣਾਂ ਨੂੰ ਘਰ ਤੋਂ ਬਾਹਰ ਕੱਢ ਦਿੱਤਾ, ਤਾਂ ਮੇਰਾ ਇਥੇ ਕੀ ਕੰਮ ! ਤੂੰ ਤਾਂ ਮੈਨੂੰ ਇਹਨਾਂ ਸਭ ਦੀਆਂ ਨਜ਼ਰਾਂ ਵਿਚ ਕਲੰਕਿਤ ਕਰ ਦਿੱਤਾ। ਵੇਖਦੀ ਨਹੀਂ ਮੇਰਾ ਸ਼ਰੀਰ ਸ਼ਰਮ ਅਤੇ ਦੁਖ ਨਾਲ ਕਾਲਾ ਹੋ ਗਿਆ ਹੈ।

ਉਸ ਕਾਲੀ ਛਾਂ ਦੀ ਗੱਲ ਸੁਣ ਕੇ ਨਿਸ਼ੀ ਚੀਖਦੀ ਹੋਈ ਉਸ ਨੂੰ ਫੜਨ ਲਈ ਭੱਜੀ। ਇਸ ਕਰਕੇ ਉਸ ਦੀ ਨੀਂਦ ਟੁੱਟ ਗਈ। ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਸੀ। ਨਿਸ਼ੀ ਨੇ ਆਪਣੀਆਂ ਸਭ ਕਿਤਾਬਾਂ, ਕਾਪੀਆਂ, ਪੈਂਸਿਲਾਂ ਨੂੰ ਸਮੇਟਦੇ ਹੋਏ ਪ੍ਰਣ ਕੀਤਾ - ਅੱਜ ਤੋਂ ਮੈਂ ਸਾਰੇ ਹੀ ਵਿਸ਼ਿਆਂ ਨੂੰ ਪੜਾਂਗੀ।

ਨਿਸ਼ੀ ਨੇ ਆਪਣੇ ਪ੍ਰਣ ਦਾ ਪਾਲਣ ਕੀਤਾ ਅਤੇ ਅਗਲੀ ਪਰੀਖਿਆ ਵਿਚ ਉਹ ਆਪਣੀ ਕਲਾਸ ਵਿਚ ਫਸਟ ਆਈ। ■

❒ ਦਰਸ਼ਨ ਸਿੰਘ

ਦੁਸਹਿਰਾ

ਚਲੋ ਦੁਸਹਿਰਾ ਵੇਖਣ ਚੱਲੀਏ,
ਅੱਗੇ ਚੱਲ ਕੇ ਸੀਟਾਂ ਮੱਲੀਏ।
ਪਿੱਛੇ ਤੇ ਕੁਝ ਨਜ਼ਰ ਨਹੀਂ ਆਉਂਦਾ,
ਜੋਕਰ ਫਿਰੇ ਟਪੂਸੀਆਂ ਲਾਉਂਦਾ।

ਕਿੰਨੇ ਵੱਡੇ ਬੁੱਤ ਬਣਾਏ,
ਰਾਵਣ ਕਿੱਡਾ ਉਚੱਾ ਹਾਏ।
ਚਾਰੇ ਪਾਸੇ ਰੌਣਕ ਭਾਰੀ,
ਚੱਲੇ ਆਵਣ ਸਭ ਨਰ-ਨਾਰੀ।

ਰਾਵਣ ਦੀ ਸੈਨਾ ਇਕ ਪਾਸੇ,
ਰਾਮ ਦੀ ਜੈ-ਜੈ ਚਾਰੇ ਪਾਸੇ।
ਦੋਹਾਂ ਵਿਚ ਹੋਈ ਖ਼ੂਬ ਲੜਾਈ,
ਹਨੂਮਾਨ ਦੀ ਰਹੀ ਚੜਾਈ।

ਮਾਰ ਮਾਰ ਕੇ ਸਭ ਭਜਾਏ,
ਸੀਤਾ ਰਾਮ ਦੇ ਮੇਲ ਕਰਾਏ।
ਫਿਰ ਬੁੱਤਾਂ ਨੂੰ ਅੱਗ ਲਗਾਈ,
ਚੱਲਣ ਪਟਾਖੇ ਉਡੇ ਹਵਾਈ।

ਗੂੰਜਾਂ ਪੈ ਗਈਆਂ ਚਾਰੇ ਪਾਸੇ
ਸਭਨਾਂ ਦੀਆਂ ਬੁੱਲੀਆਂ ਤੇ ਹਾਸੇ
ਜਿੱਤਿਆ ਸੱਚ ਬੁਰਾਈ ਹਾਰੀ,
ਯਾਦ ਕਰੇਗੀ ਦੁਨੀਆ ਸਾਰੀ।

ਭੁੱਲ ਕੇ ਵੀ ਹੰਕਾਰ ਨਹੀਂ ਕਰਨਾ,
ਕਦੇ ਵੀ ਦੁਰਵਿਉਹਾਰ ਨਹੀਂ ਕਰਨਾ।
ਸੱਚ ਦੀ ਰਾਹ ਤੇ ਚਲਦੇ ਜਾਈਏ
'ਦਰਸ਼ਨ' ਖੁਸ਼ੀਆਂ ਨਿੱਤ ਮਨਾਈਏ

❑ ਹਰਜੀਤ ਨਿਸ਼ਾਦ

ਮਹਾਨ ਵਿਗਿਆਨਿਕ 'ਜਗਦੀਸ਼ ਚੰਦ੍ਰ ਬੋਸ'

ਜਗਦੀਸ਼ ਚੰਦ੍ਰ ਬੋਸ ਭਾਰਤ ਦੇ ਬਹੁਤ ਸਨਮਾਨਿਤ ਵਿਗਿਆਨਿਕ ਸਨ। ਉਹਨਾਂ ਦਾ ਜਨਮ 30 ਨਵੰਬਰ 1858 ਨੂੰ ਪੂਰਬੀ ਬੰਗਾਲ ਦੇ ਸ਼ਹਿਰ ਮੈਮਨ ਸਿੰਹ ਵਿਚ ਹੋਇਆ ਸੀ। ਉਹਨਾਂ ਨੇ ਭੌਤਿਕ ਵਿਗਿਆਨ, ਜੀਵ ਵਿਗਿਆਨ, ਵਨਸਪਤੀ ਵਿਗਿਆਨ ਤੋਂ ਇਲਾਵਾ ਬੰਗਲਾ ਵਿਗਿਆਨ ਕਥਾਵਾਂ ਅਤੇ ਬੰਗਲਾ ਸਾਹਿਤ ਵਿਚ ਵੀ ਮਹੱਤਵਪੂਰਣ ਯੋਗਦਾਨ ਦਿਤਾ। ਆਪ ਨੇ ਮਿਲੀਮੀਟਰ ਤਰੰਗਾਂ, ਰੇਡੀਉ ਅਤੇ ਕ੍ਰੈਸਕੋਗ੍ਰਾਫ ਨਾਲ ਸੰਬੰਧਿਤ ਖੋਜਾਂ ਕੀਤੀਆਂ।

ਜਗਦੀਸ਼ ਚੰਦ੍ਰ ਬੋਸ ਦੇ ਪਿਤਾ ਭਗਵਾਨ ਚੰਦ੍ਰ ਬੋਸ ਮੈਜਿਸਟ੍ਰੇਟ ਅਤੇ ਸਹਾਇਕ ਕਮਿਸ਼ਨਰ ਰਹੇ। ਜਗਦੀਸ਼ ਚੰਦ੍ਰ ਬੋਸ ਨੇ ਮੁਢਲੀ ਸਿਖਿਆ ਆਪਣੇ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਉਹ ਅਕਸਰ ਪੰਛੀਆਂ, ਜਾਨਵਰਾਂ ਅਤੇ ਪਾਣੀ ਦੇ ਜੀਵਾਂ ਦੀਆਂ ਕਹਾਣੀਆਂ ਬੜੇ ਕੰਨ ਲਗਾ ਕੇ ਸੁਣਦੇ ਸਨ।

ਬਾਅਦ ਵਿਚ ਉਹ ਕਲਕੱਤਾ ਆ ਗਏ ਅਤੇ ਸੇਂਟ ਜ਼ੇਵੀਅਰ ਸਕੂਲ ਵਿਚ ਦਾਖਲਾ ਲੈ ਲਿਆ। 22 ਸਾਲ ਦੀ ਉਮਰ ਵਿਚ ਉਹ ਮੈਡੀਕਲ ਸਾਇੰਸ ਦੀ ਪੜਾਈ ਕਰਨ ਲਈ ਲੰਦਨ ਚਲੇ ਗਏ। ਫਿਰ ਉਹ ਕੈਂਬ੍ਰਿਜ ਦੀ ਕ੍ਰਾਈਸਟ ਯੂਨੀਵਰਸਿਟੀ ਵਿਚ ਗਏ ਤਾਂ ਪ੍ਰੋਫੈਸਰ ਫਾਦਰ ਲਾਫੌਂਟ ਨੇ ਬੋਸ ਨੂੰ ਭੌਤਿਕ ਸ਼ਾਸਤਰ ਦਾ ਅਧਿਐਨ ਕਰਨ ਦੀ ਪ੍ਰੇਰਨਾ ਦਿਤੀ।

ਭਾਰਤ ਵਾਪਿਸ ਆ ਕੇ ਬੋਸ ਪ੍ਰੈਸੀਡੈਂਸੀ ਕਾਲਿਜ ਵਿਚ ਭੌਤਿਕ ਵਿਗਿਆਨ ਪੜਾਉਣ ਲੱਗੇ ਪਰੰਤੂ ਅੰਗਰੇਜ ਪ੍ਰੋਫੈਸਰਾਂ ਨੂੰ ਤਨਖਾਹ ਜਿਆਦਾ ਮਿਲਦੀ ਸੀ। ਬੋਸ ਨੇ ਵਿਰੋਧ ਕਰਦਿਆਂ ਤਿੰਨ ਸਾਲ ਤਕ ਤਨਖਾਹ ਨਹੀਂ ਲਈ। ਇਸ ਕਰਕੇ ਕਾਫੀ ਕਰਜਾ ਹੋ ਗਿਆ। ਕਰਜਾ ਚੁਕਾਣ ਵਾਸਤੇ ਉਹਨਾਂ ਨੂੰ ਆਪਣੀ ਜਮੀਨ ਵੇਚਣੀ ਪਈ। ਅੰਤ ਵਿਚ ਉਹਨਾਂ ਦੀ ਜਿਤ ਹੋਈ ਅਤੇ ਉਹਨਾਂ ਨੂੰ ਪੂਰੀ ਤਨਖਾਹ ਦਿੱਤੀ ਗਈ।

ਜਗਦੀਸ਼ ਚੰਦ੍ਰ ਬੋਸ ਨੇ ਰੇਡੀਉ ਦੀ ਖੋਜ ਵਿਚ ਮਹੱਤਵਪੂਰਣ ਯੋਗਦਾਨ ਦਿਤਾ। ਉਹਨਾਂ ਨੇ ਤਰੰਗ ਨੂੰ ਮਿਲੀਮੀਟਰ ਪਧੱਰ ਤੇ ਲਗਭਗ 5 ਮਿਲੀਮੀਟਰ ਤਰੰਗ ਤੇ ਲਿਆ ਦਿਤਾ। ਉਹ ਪ੍ਰਕਾਸ਼ ਦੇ ਗੁਣਾਂ ਦੇ ਅਧਿਅਨ ਲਈ ਲੰਬੀਆਂ ਪ੍ਰਕਾਸ਼ ਤਰੰਗਾਂ ਦੇ ਨੁਕਸਾਨ ਨੂੰ ਸਮਝ ਚੁਕੇ ਸਨ। ਉਹ ਜਾਣਦੇ ਸਨ ਕਿ ਤਾਰ ਦੇ ਬਿਨਾ ਪ੍ਰਕਾਸ਼ ਦੇ ਮਾਧਿਅਮ ਨਾਲ ਸੰਦੇਸ਼ ਭੇਜਿਆ ਜਾ ਸਕਦਾ ਹੈ। ਉਹਨਾ ਦਾ ਬਿਜਲੀ ਦੀਆਂ ਕਿਰਨਾ ਦੇ ਧਰੁਵੀਕਰਣ ਬਾਰੇ ਪਹਿਲਾ ਵਿਗਿਆਨਕ ਲੇਖ ਮਈ 1895 ਵਿਚ ਦੂਸਰਾ ਲੇਖ ਅਕਤੂਬਰ 1895 ਵਿਚ ਅਤੇ ਤੀਸਰਾ ਲੇਖ ਦਸੰਬਰ 1895 ਵਿਚ ਪ੍ਰਕਾਸ਼ਿਤ ਹੋਇਆ।

1917 ਵਿਚ ਜਗਦੀਸ਼ ਚੰਦ੍ਰ ਬੋਸ ਦੀਆਂ ਖੋਜਾਂ ਦਾ ਸਨਮਾਨ ਕਰਦੇ ਹੋਏ ਉਹਨਾਂ ਨੂੰ 'ਨਾਈਟ' ਦੀ ਉਪਾਧੀ ਦਿਤੀ ਗਈ। ਫਿਰ ਉਹ ਭੌਤਿਕ ਅਤੇ ਜੀਵ ਵਿਗਿਆਨ ਲਈ ਰਾਇਲ ਸੋਸਾਇਟੀ ਲੰਦਨ ਦੇ ਫੈਲੋ ਚੁਣ ਲਏ ਗਏ। ਵਿਗਿਆਨ ਵਿਚ ਸ਼ੋਧ ਕਰਨ ਵਾਸਤੇ ਸਾਡੇ ਦੇਸ਼ ਦਾ ਪ੍ਰਸਿੱਧ ਕੇਂਦ੍ਰ ''ਬੋਸ ਇੰਸਟੀਟਯੂਟ'' ਹੈ ਜੋ ਕਿ ਜਗਦੀਸ਼ ਚੰਦ੍ਰ ਬੋਸ ਦੀ ਸੋਚ ਦਾ ਪਰਿਣਾਮ ਹੈ। ■

ਹਾਸਾ ਖੇਡ

ਭਿਖਾਰੀ : (ਰਾਹੀ ਨੂੰ) ਸਾਹਿਬ ਇਕ ਰੁਪਈਆ ਦੇ ਦਿਉ। ਦੋ ਦਿਨਾਂ ਤੋਂ ਖਾਣਾ ਨਹੀਂ ਖਾਧਾ।

ਰਾਹੀ : ਪਹਿਲਾਂ ਇਹ ਦੱਸ ਕਿ ਇਕ ਰੁਪਏ ਵਿਚ ਖਾਣਾ ਕਿਥੇ ਮਿਲਦਾ ਹੈ। ਦੋਵੇਂ ਮਿਲ ਕੇ ਖਾਵਾਂਗੇ।

- - - - - -

ਅਧਿਆਪਕ : (ਵਿਦਿਆਰਥੀ ਨੂੰ) ਤੂੰ ਰੋਜ਼ ਭੋਜਨ ਕਰ ਕੇ ਮੂੰਹ ਕਿਉਂ ਨਹੀਂ ਧੋਂਦਾ? ਮੈਂ ਤੇਰਾ ਮੂੰਹ ਵੇਖ ਕੇ ਦੱਸ ਸਕਦਾ ਹਾਂ ਕਿ ਅੱਜ ਤੂੰ ਕੀ ਖਾਧਾ ਹੈ?

ਵਿਦਿਆਰਥੀ : ਦੱਸੋ ਸਰ ਜੀ ! ਮੈਂ ਕੀ ਖਾਧਾ ਹੈ?

ਅਧਿਆਪਕ : ਦਹੀ ਵੜੇ।

ਵਿਦਿਆਰਥੀ : ਨਹੀਂ ਸਰ ! ਉਹ ਤਾਂ ਕੱਲ੍ਹ ਖਾਧੇ ਸੀ।

(ਬਬਲੂ ਦਿੱਲੀ)

- - - - - -

ਮੋਹਨ : (ਸੋਹਨ ਨੂੰ) ਯਾਰ ਪਤਾ ਨਹੀਂ ਲੋਕ ਇਕ ਮਹੀਨੇ ਤਕ ਬਿਨਾਂ ਨਹਾਏ ਕਿਵੇਂ ਰਹਿ ਜਾਂਦੇ ਹਨ।

ਸੋਹਨ : ਕਿਉਂ ! ਕੀ ਹੋਇਆ?

ਮੋਹਨ : ਕਿਉਂਕਿ ਮੈਨੂੰ ਤਾਂ ਵੀਹ ਦਿਨ ਵਿਚ ਹੀ ਖੁਜਲੀ ਹੋਣ ਲਗ ਜਾਂਦੀ ਹੈ।

- - - - - -

ਇਕ ਹਵਾਈ ਜਹਾਜ ਹਵਾਈ ਅੱਡੇ ਉਤੇ ਉਤਰਿਆ। ਪੌੜੀਆਂ ਤੋਂ ਉਤਰਦੇ ਸਮੇਂ ਇਕ ਯਾਤਰੀ ਸਿੱਧਾ ਜ਼ਮੀਨ ਤੇ ਲੇਟ ਗਿਆ ਅਤੇ ਜ਼ਮੀਨ ਚੁੰਮਣ ਲੱਗਾ।

ਜਹਾਜ ਦਾ ਪਾਇਲਟ ਨੇੜੇ ਹੀ ਖੜਾ ਸੀ ਤੇ ਯਾਤਰੀ ਨੂੰ ਕਹਿਣ ਲੱਗਾ - ਤੁਹਾਡੀ ਦੇਸ਼ ਭਗਤੀ ਦੀ ਭਾਵਨਾ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਪੌੜੀਆਂ ਤੋਂ ਥੱਲੇ ਆ ਕੇ ਤੁਸੀ ਦੇਸ਼ ਦੀ ਮਿੱਟੀ ਨੂੰ ਚੁੰਮਿਆ। ਇਹ ਤੁਹਾਡੀ ਦੇਸ਼ ਭਗਤੀ ਨੂੰ ਦਰਸਾਉਂਦਾ ਹੈ।

ਉਹ ਵਿਅਕਤੀ ਕਹਿਣ ਲਗਾ - ਇਹ ਸਭ ਛੱਡੋ ! ਇਹ ਦੱਸੋ ਪੌੜੀਆਂ ਉਤੇ ਕੇਲੇ ਦਾ ਛਿਲਕਾ ਕਿਸ ਨੇ ਸੁੱਟਿਆ ਸੀ?

(ਸਮੀਕਸ਼ਾ ਸੋਨੀਪਤ)

- - - - - -

ਭੂਗੋਲ ਟੀਚਰ : (ਚਿੰਟੂ ਨੂੰ) ਚਿੰਟੂ ਤੇਰਾ ਜਨਮ ਕਿੱਥੇ ਹੋਇਆ ਸੀ?

ਚਿੰਟੂ : ਪੰਜਾਬ ਵਿਚ ਮੈਡਮ।

ਟੀਚਰ : ਕਿਹੜਾ ਭਾਗ?

ਚਿੰਟੂ : ਮੇਰਾ ਪੂਰਾ ਸਰੀਰ ਹੀ ਪੰਜਾਬ ਵਿਚ ਪੈਦਾ ਹੋਇਆ ਸੀ।

- - - - - -

ਉਮੇਸ਼ : ਅੱਜ ਮੇਰੀ ਕਿਸੇ ਨੇ ਜੇਬ ਕੱਟ ਲਈ

ਸੁਰੇਸ਼ : ਤਾਂ ਪੁਲੀਸ 'ਚ ਰਿਪੋਰਟ ਕਰੋ।

ਉਮੇਸ਼ : ਲੇਕਿਨ ਗਲਤੀ ਕਰ ਦਿੱਤੀ ਮੈਂ।

ਸੁਰੇਸ਼ : ਕਿਹੜੀ ਗਲਤੀ?

ਉਮੇਸ਼ : ਜੇਬ ਕੱਟਣ ਤੋਂ ਬਾਅਦ ਦਰਜੀ ਤੋਂ ਮੈਂ ਜੇਬ ਸਿਲਵਾ ਲਈ।

(ਨੀਲਮ ਭਾਟੀਆ)

- - - - - -

ਇਕ ਲਾਈਬ੍ਰੇਰੀ ਹਾਲ ਵਿਚ 1000 ਪੰਨਿਆਂ ਦੀ ਕਿਤਾਬ ਕਿੰਨੇ ਦਿਨਾਂ ਵਿਚ ਪੜ੍ਹੀ ਜਾ ਸਕਦੀ ਹੈ? ਇਹ ਮੁੱਦਾ ਉਠਾਇਆ ਗਿਆ।

ਸਭ ਤੋਂ ਪਹਿਲਾਂ ਇਕ ਲੇਖਕ ਨੇ ਕਿਹਾ - ਦੋ ਮਹੀਨੇ ਦੇ ਅੰਦਰ।

ਫਿਰ ਇਕ ਵਕੀਲ ਕਹਿਣ ਲੱਗਾ - ਇਕ ਮਹੀਨੇ ਦੇ ਅੰਦਰ।

ਅਖੀਰ ਵਿਚ ਇਕ ਇੰਜੀਨੀਅਰ ਕਹਿਣ ਲੱਗਾ - ਪਹਿਲਾਂ ਇਹ ਦੱਸੋ ਪਰੀਖਿਆ ਕਦੋਂ ਹੈ? ਉਸ ਕਿਤਾਬ ਨੂੰ ਅਸੀਂ ਰਾਤੋ-ਰਾਤ ਪੜ੍ਹ ਲਵਾਂਗੇ।

- - - - - -

ਡਾਕਟਰ ਨੇ ਬੁੱਢੇ ਮਰੀਜ਼ ਨੂੰ ਕਿਹਾ -

ਇਹੋ ਜਿਹੀ ਦਵਾਈ ਦਿਆਂਗਾ ਕਿ ਤੁਸੀਂ ਫਿਰ ਜਵਾਨ ਹੋ ਜਾਉਗੇ।

ਮਰੀਜ਼ ਨੇ ਕਿਹਾ - ਨਹੀਂ ਡਾਕਟਰ ਸਾਹਿਬ ! ਮੈਨੂੰ ਇਸ ਤਰ੍ਹਾਂ ਦੀ ਦਵਾਈ ਨਹੀਂ ਚਾਹੀਦੀ। ਮੇਰੀ ਪੈਂਸ਼ਨ ਬੰਦ ਹੋ ਜਾਵੇਗੀ।

- - - - - -

ਇਕ ਆਦਮੀ (ਪੁਲੀਸ ਨੂੰ) - ਸਰ ਮੇਰੇ ਘਰ ਚੋਂ ਟੀ.ਵੀ ਛੱਡ ਕੇ ਸਭ ਚੀਜ਼ਾਂ ਚੋਰੀ ਹੋ ਗਈਆਂ ਹਨ।

ਪੁਲੀਸ : ਚੋਰ ਨੇ ਸਿਰਫ ਟੀ.ਵੀ ਕਿਸ ਲਈ ਛੱਡਿਆ ਹੋਵੇਗਾ?

ਆਦਮੀ : ਮੈਨੂੰ ਕੀ ਪਤਾ ! ਮੈਂ ਟੀ.ਵੀ ਤੇ ਸੀਰਿਅਲ ਵੇਖ ਰਿਹਾ ਸੀ।

- - - - - -

ਬਸ ਸਟਾਪ ਉਤੇ ਬੱਚੇ ਨੂੰ ਰੋਂਦੇ ਵੇਖ ਕੇ ਕੰਡਕਟਰ ਨੇ ਬਸ ਰੋਕੀ ਅਤੇ ਪੁੱਛਿਆ - ਬੇਟੇ ਕੀ ਹੋਇਆ ?

ਬੱਚਾ - ਮੇਰਾ ਦਸ ਦਾ ਨੋਟ ਗੁਆਚ ਗਿਆ। ਮੈਂ ਟਿਕਟ ਕਿਵੇਂ ਲਵਾਂਗਾ?

ਕੰਡਕਟਰ - ਕੋਈ ਗੱਲ ਨਹੀਂ ਮੈਂ ਤੈਨੂੰ ਮੁਫਤ ਵਿਚ ਲੈ ਜਾਵਾਂਗਾ।

(ਬੱਚਾ ਹੋਰ ਜ਼ੋਰ ਦੀ ਰੋਣ ਲੱਗਾ)

ਬੱਚਾ - ਮੈਨੂੰ ਉਹ ਨੌ ਰੁਪਏ ਵਾਪਸ ਚਾਹੀਦੇ ਹਨ ਜੋ ਟਿਕਟ ਲੈਣ ਤੋਂ ਬਾਅਦ ਵਾਪਸ ਮਿਲਣੇ ਸਨ।।

- - - - - -

- ਗੁਰਚਰਣ ਆਨੰਦ (ਲੁਧਿਆਣਾ)

❐ ਬਲਵਿੰਦਰ ਬਾਲਮ

ਪਾਣੀ ਉਤੇ ਚਲਦੀ ਬੇੜੀ

ਲਹਿਰਾਂ ਦੇ ਨਾਲ ਗੱਲਾਂ ਕਰਦੀ,
ਤੂਫਾਨਾਂ ਤੋਂ ਇਹ ਨਾ ਡਰਦੀ।
ਚੱਪੂਆਂ ਦੇ ਨਾਲ ਠਲਦੀ ਬੇੜੀ,
ਪਾਣੀ ਉਤੇ ਚਲਦੀ ਬੇੜੀ।

ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ,
ਪੂਰੇ ਕਰਕੇ ਸਭ ਕੌਲਾਂ ਨੂੰ।
ਕਿਨਾਰੇ ਤੱਕ ਹੈ ਘਲਦੀ ਬੇੜੀ,
ਪਾਣੀ ਉਤੇ ਚਲਦੀ ਬੇੜੀ।

ਤੂਫਾਨੀ ਤੇਜ਼ ਹਵਾਵਾਂ ਨੂੰ,
ਲੰਬੇ-ਲੰਬੇ ਸਭ ਰਾਹ੍ਵਾਂ ਨੂੰ।
ਕੀ-ਕੀ ਤਨ ਤੇ ਜਰਦੀ ਬੇੜੀ,
ਪਾਣੀ ਉਤੇ ਚਲਦੀ ਬੇੜੀ।

ਸਭਨਾਂ ਨੂੰ ਇਹ ਸੁੱਖ ਦਿੰਦੀ ਹੈ,
ਅਪਣੇ ਆਪ ਨੂੰ ਦੁੱਖ ਦਿੰਦੀ ਹੈ।
ਠੰਡਾਂ ਦੇ ਵਿਚ ਠਰਦੀ ਬੇੜੀ,
ਪਾਣੀ ਉਤੇ ਚਲਦੀ ਬੇੜੀ।

ਠੰਡ ਹੋਵੇ ਜਾਂ ਗਰਮੀ ਹੋਏ,
ਤੜਕ ਸਵੇਰਾ, ਚੰਨ ਦੀ ਲੋਏ।
ਫਿਰ ਵੀ ਨਹੀਂ ਹੈ ਟਲਦੀ ਬੇੜੀ,
ਪਾਣੀ ਉਤੇ ਚਲਦੀ ਬੇੜੀ।

ਤੂਫਾਨੀ ਬਰਸਾਤਾਂ ਦੇ ਵਿਚ,
ਕਾਲੀਆਂ ਬੋਲੀਆਂ ਰਾਤਾਂ ਦੇ ਵਿਚ।
'ਬਾਲਮ' ਜਾਵੇ ਤਰਦੀ ਬੇੜੀ,
ਪਾਣੀ ਉਤੇ ਚਲਦੀ ਬੇੜੀ।

ਪੇਸ਼ਕਸ਼ : ਵਿਕਾਸ ਅਰੋੜਾ

ਸਾਧਾਰਣ ਗਿਆਨ ਪ੍ਰਸ਼ਨੋਤਰੀ

(ਸਭ ਪ੍ਰਸ਼ਨਾਂ ਦੇ ਉੱਤਰ 'ਨ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਚੁੱਕੋ ਅਤੇ ਪ੍ਰਸ਼ਨਚਿੰਨ੍ਹ ਤੋਂ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ.(1) ਕਿਸ ਪਾਂਡਵ ਦੇ ਧਨੁਸ਼ ਦਾ ਨਾਮ ਗਾਂਡੀਵ ਸੀ?

ਪ੍ਰਸ਼ਨ.(2) ਗਣਗੌਰ ਕਿਸ ਭਾਰਤੀ ਰਾਜ ਦਾ ਉਤਸਵ ਹੈ?

ਪ੍ਰਸ਼ਨ.(3) ਈਰਾਨ ਦੇਸ਼ ਦੀ ਰਾਜਧਾਨੀ ਦਾ ਕੀ ਨਾਮ ਹੈ?

ਪ੍ਰਸ਼ਨ.(4) ਰਾਜਾ ਦਸ਼ਰਥ ਦਾ ਸਭ ਤੋਂ ਛੋਟਾ ਪੁੱਤਰ ਕੌਣ ਸੀ?

ਪ੍ਰਸ਼ਨ.(5) ਰਾਸ਼ਟਰਪਤੀ ਭਵਨ ਵਿਚ ਰਹਿਣ ਵਾਲੇ ਪਹਿਲੇ ਵਾਇਸਰਾਏ ਕੌਣ ਸਨ?

ਪ੍ਰਸ਼ਨ.(6) ਭਗਵਾਨ ਵਿਸ਼ਣੂ ਦੇ ਕਿਸ ਅਵਤਾਰ ਨੇ ਤਿੰਨ ਕਦਮਾਂ ਵਿਚ ਤਿੰਨਾਂ ਲੋਕਾਂ ਨੂੰ ਨਾਪ ਲਿਆ ਸੀ?

ਪ੍ਰਸ਼ਨ.(7) ਕਿਸ ਗੈਸ ਨੂੰ ਮਨੁੱਖਾਂ ਦੇ ਲਈ ਜੀਵਨਦਾਈ ਗੈਸ ਕਿਹਾ ਜਾਂਦਾ ਹੈ?

ਪ੍ਰਸ਼ਨ. (8) ਸਵਾਮੀ ਵਿਵੇਕਾਨੰਦ ਨੇ ਕਿਸ ਮਿਸ਼ਨ ਦੀ ਸਥਾਪਨਾ ਕੀਤੀ ਸੀ?

ਪ੍ਰਸ਼ਨ .(9) ਭਾਰਤ ਦਾ ਸਰਵਉੱਚ ਖੇਡ ਸਨਮਾਨ ਕਿਹੜਾ ਹੈ?

ਪ੍ਰਸ਼ਨ (10) ਭਾਰਤ ਦਾ ਉਪ-ਰਾਸ਼ਟਰਪਤੀ ਬਣਨ ਦੇ ਬਾਦ ਰਾਸ਼ਟਰਪਤੀ ਬਣਨ ਵਾਲੇ ਪਹਿਲੇ ਵਿਅਕਤੀ ਦਾ ਕੀ ਨਾਮ ਸੀ?

ਪ੍ਰਸ਼ਨ.(11) ਪ੍ਰਾਚੀਨ ਯੂਨੀਵਰਸਿਟੀ ਤਖਸ਼ਿਲਾ ਵਰਤਮਾਨ ਵਿਚ ਕਿਸ ਦੇਸ਼ ਵਿਚ ਹੈ?

ਪ੍ਰਸ਼ਨ.(12) ਭਾਰਤ ਰਤਨ ਸਨਮਾਨ ਲੈਣ ਵਾਲਾ ਪਹਿਲਾ ਵਿਦੇਸ਼ੀ ਕੌਣ ਸੀ?

ਪ੍ਰਸ਼ਨ.(13) ਜਵਾਹਰ ਲਾਲ ਨਹਿਰੂ ਦੇ ਦਿੱਲੀ ਸਥਿਤ ਅਧਿਕਾਰਿਕ ਨਿਵਾਸ ਨੂੰ ਕੀ ਕਹਿੰਦੇ ਹਨ?

ਪ੍ਰਸ਼ਨ.(14) ਸ਼੍ਰੀ ਲੰਕਾ ਦਾ ਪੁਰਾਣਾ ਨਾਮ ਕੀ ਸੀ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

ਕਿੱਟੀ

ਚਿੱਤਰਕਾਰ ਅਤੇ ਲੇਖਕ –
ਅਜੈ ਕਾਲੜਾ

ਅਗਲੇ ਦਿਨ ਸਵੇਰੇ ...
ਪਾਪਾ ਮੈਂ ਸਕੂਲ ਜਾ ਰਹੀ ਹਾਂ, ਰੀਨਾ ਅਤੇ ਉਸ ਦਾ ਭਰਾ ਮੈਨੂੰ ਲੈਣ ਆਏ ਹਨ। ਅਸੀਂ ਗੋਲੂ ਦੀ ਬਾਈਕ ਤੇ ਜਾ ਰਹੇ ਹਾਂ।
ਧਿਆਨ ਨਾਲ ਜਾਣਾ।
ਰੀਨਾ ਅੱਜ ਬਾਈਕ ਮੈਂ ਚਲਾਵਾਂਗੀ ਪਲੀਜ਼।
ਵੀਰ ਜੀ ਕਿੱਟੀ ਨੂੰ ਬਾਈਕ ਚਲਾਉਣ ਦਿਉ
ਠੀਕ ਹੈ ! ਚਲਾ ਲੈ ਪਰ ਧਿਆਨ ਨਾਲ ਚਲਾਉਣਾ।
ਕਿੰਨਾ ਮਜ਼ਾ ਆ ਰਿਹਾ ਹੈ। ਵਾਹ !

ਬਾਈਕ ਰੋਕੋ ! ਬਾਈਕ ਰੋਕੋ ! ਆਪਣਾ ਲਾਈਸੇਂਸ ਵਿਖਾਉ।
ਸਰ ! ਉਹ ਤਾਂ ਨਹੀਂ ਹੈ। ਮੈਨੂੰ ਮਾਫ ਕਰ ਦਿਉ।
ਤੈਨੂੰ ਸਾਡੇ ਨਾਲ ਥਾਣੇ ਚਲਣਾ ਪਏਗਾ।
ਰੋਂਦੇ ਹੋਏ, ਸਰ ਪਲੀਜ਼ ਮੈਨੂੰ ਮਾਫ ਕਰ ਦਿਉ ਮੈ ਅੱਗੇ ਤੋਂ ਇੰਜ ਨਹੀਂ ਕਰਾਂਗੀ ।
ਠੀਕ ਹੈ ! ਮੈ ਤੈਨੂੰ ਥਾਣੇ ਨਹੀਂ ਲੈ ਕੇ ਜਾ ਰਿਹਾ ਮੈਨੂੰ ਆਪਣੇ ਪਿਤਾ ਜੀ ਦਾ ਮੋਬਾਈਲ ਨੰਬਰ ਦੇ।
ਜੀ ਉਹ, 0000000000।

ਹੈਲੋ ਮਿਸਟਰ ਪੱਪੂ, ਤੁਸੀਂ ਜੰਗਲ ਚੌਕ ਆ ਜਾਉ। ਆਪ ਦੀ ਬੇਟੀ ਸਾਡੀ ਹਿਰਾਸਤ ਵਿਚ ਹੈ। ਮੈ ਇੰਸਪੈਕਟਰ ਪਿੰਗੂ ਬੋਲ ਰਿਹਾ ਹਾਂ।
ਜੀ ਸਰ, ਕੀ ਹੋਇਆ? ਮੇਰੀ ਬੇਟੀ ਨੇ ਕੀ ਕੀਤਾ?
ਇਹ ਬਾਈਕ ਚਲਾ ਰਹੀ ਸੀ ਅਤੇ ਇਸ ਦੇ ਕੋਲ ਲਾਈਸੇਂਸ ਨਹੀਂ ਹੈ। ਤੁਸੀਂ ਇਸ ਤਰ੍ਹਾਂ ਦੇ ਬੱਚਿਆਂ ਨੂੰ ਬਾਈਕ ਲੈ ਕੇ ਹੀ ਕਿਉਂ ਦਿੰਦੇ ਹੋ?
ਜੀ ਇਹ ਬਾਈਕ ਇਸ ਦੀ ਨਹੀਂ ਹੈ। ਇਸ ਨੂੰ ਮਾਫ ਕਰ ਦਿਉ। ਮੈਂ ਤੁਹਾਡੇ ਤੋਂ ਮਾਫੀ ਮੰਗਦਾ ਹਾਂ।
ਜੀ ਸਰ ਮੈਂ ਅੱਗੇ ਤੋਂ ਇਸ ਤਰ੍ਹਾਂ ਨਹੀਂ ਕਰਾਂਗੀ।
ਤੁਸੀਂ ਇਕ ਚੰਗੇ ਇਨਸਾਨ ਲਗ ਰਹੇ ਹੋ ਮੈਂ ਤੈਨੂੰ ਇਸ ਲਈ ਛੱਡ ਰਿਹਾ ਹਾਂ, ਪਰ ਅੱਗੇ ਤੋਂ ਕਦੇ ਵੀ ਇਸ ਤਰ੍ਹਾਂ ਹੋਇਆ ਤਾਂ ਮੈਂ ਨਹੀਂ ਛੱਡਾਂਗਾ।
ਕਦੇ ਕੋਈ ਇਸ ਤਰ੍ਹਾਂ ਦਾ ਕੰਮ ਨਾ ਕਰੋ ਜਿਸ ਨਾਲ ਤੁਹਾਨੂੰ ਜਾਂ ਤੁਹਾਡੇ ਮਾਤਾ ਪਿਤਾ ਨੂੰ ਸ਼ਰਮਿੰਦਾ ਹੋਣਾ ਪਏ।

ਕਹਾਣੀ - ਸੀਤਾਰਾਮ ਗੁਪਤਾ

ਕਰਮ ਹੀ ਜੀਵਨ ਦਾ ਅਧਾਰ

ਅਕਾਸ਼ ਵਿਚ ਬੱਦਲ ਛਾਏ ਹੋਏ ਸਨ। ਰਿਮਝਿਮ ਬੂੰਦਾਂ ਬਰਸ ਰਹੀਆਂ ਸਨ। ਇਕ ਮੋਰ ਆਨੰਦਿਤ ਹੋ ਕੇ ਨੱਚ ਰਿਹਾ ਸੀ। ਉਸ ਦੇ ਖੂਬਸੂਰਤ ਖੰਭ ਇੰਦਰਧਨੁਸ਼ੀ ਰੰਗ ਬਿਖੇਰ ਰਹੇ ਸਨ। ਉਥੋਂ ਲੰਘਣ ਵਾਲਾ ਇਕ ਵਿਅਕਤੀ ਰੁਕ ਕੇ ਇਹ ਸੁੰਦਰ ਦ੍ਰਿਸ਼ ਵੇਖਣ ਲੱਗਾ। ਤਦ ਹੀ ਅਚਾਨਕ ਮੋਰ ਦੀ ਨਜ਼ਰ ਉਸ ਵਿਅਕਤੀ ਉਤੇ ਪਈ। ਉਸ ਵਿਅਕਤੀ ਦੇ ਹੱਥ ਵਿਚ ਇਕ ਥੈਲਾ ਸੀ। ਮੋਰ ਨੇ ਪੁੱਛਿਆ ਤੂੰ ਕਿੱਥੇ ਜਾ ਰਿਹਾ ਹੈ ਅਤੇ ਤੇਰੇ ਹੱਥ ਵਿਚ ਕੀ ਹੈ?

ਵਿਅਕਤੀ ਨੇ ਕਿਹਾ - ਮੈਂ ਬਜ਼ਾਰ ਜਾ ਰਿਹਾ ਹਾਂ ਤੇ ਮੇਰੇ ਹੱਥ ਵਿਚ ਜੋ ਥੈਲਾ ਹੈ ਉਸ ਵਿਚ ਅਨਾਜ ਭਰਿਆ ਹੋਇਆ ਹੈ। ਮੈਂ ਇਹ ਅਨਾਜ ਵੇਚ ਕੇ ਇਕ ਸੁੰਦਰ ਜਿਹਾ ਖੰਭ ਖਰੀਦ ਕੇ ਲਿਆਵਾਂਗਾ ਅਤੇ ਉਸ ਨਾਲ ਆਪਣਾ ਘਰ ਸਜਾਵਾਂਗਾ।

ਇਹ ਸੁਣ ਕੇ ਮੋਰ ਕਹਿਣ ਲੱਗਾ - ਵੇਖੋ ਮੇਰੇ ਖੰਭ ਵੀ ਬਹੁਤ ਸੁੰਦਰ ਹਨ। ਮੈਨੂੰ ਭੋਜਨ ਦੀ ਤਲਾਸ਼ ਵਿਚ ਪੂਰੇ ਦਿਨ ਇਧਰ ਉਧਰ ਭਟਕਣਾ ਪੈਂਦਾ ਹੈ। ਜੇਕਰ ਤੁਸੀਂ ਮੈਨੂੰ ਭੋਜਨ ਦੇ ਦਿਉ ਤਾਂ ਮੈ ਤੁਹਾਨੂੰ ਆਪਣਾ ਖੂਬਸੂਰਤ ਖੰਭ ਦੇ ਦਿਆਂਗਾ। ਵਿਅਕਤੀ ਨੂੰ ਇਹ ਸੌਦਾ ਪਸੰਦ ਆਇਆ। ਉਸ ਨੇ ਅਨਾਜ ਮੋਰ ਨੂੰ ਦੇ ਦਿੱਤਾ ਅਤੇ ਖੰਭ ਲੈ ਕੇ ਖੁਸ਼ੀ-ਖੁਸ਼ੀ ਆਪਣੇ ਘਰ ਚਲਾ ਗਿਆ।

ਹੁਣ ਉਹ ਵਿਅਕਤੀ ਰੋਜ਼-ਰੋਜ਼ ਹੀ ਅਨਾਜ ਲੈ ਕੇ ਮੋਰ ਦੇ ਕੋਲ ਆਉਣ ਲਗ ਪਿਆ ਅਤੇ ਅਨਾਜ ਦੇ ਬਦਲੇ ਵਿਚ ਖੰਭ ਲੈ ਕੇ ਖੁਸ਼ੀ ਖੁਸ਼ੀ ਆਪਣੇ ਘਰ ਚਲਾ ਜਾਂਦਾ। ਮੋਰ ਵੀ ਬਹੁਤ ਖੁਸ਼ ਰਹਿਣ ਲੱਗਾ। ਹੁਣ ਉਸ ਨੂੰ ਭੋਜਨ ਦੀ ਤਲਾਸ਼ ਵਿਚ ਪੂਰਾ ਦਿਨ ਇਧਰ-ਉਧਰ ਭਟਕਣਾ ਨਹੀਂ ਪੈਂਦਾ। ਦਿਨ ਭਰ ਉਹ ਅਨਾਜ ਦੇ ਦਾਣੇ ਚੁਗਦਾ ਰਹਿੰਦਾ ਅਤੇ ਅਰਾਮ ਨਾਲ ਲੇਟਿਆ ਰਹਿੰਦਾ ਸੀ। ਹੌਲੀ-ਹੌਲੀ ਉਸ ਦੇ ਖੰਭ ਖਤਮ ਹੋ ਗਏ। ਜਦ ਖੰਭ ਖਤਮ ਹੋ ਗਏ ਤਾਂ ਉਸ ਵਿਅਕਤੀ ਨੇ ਭੋਜਨ ਲੈ ਕੇ ਆਉਣਾ ਵੀ ਛੱਡ ਦਿੱਤਾ। ਇਕ ਦਿਨ ਮੋਰ ਦਾ ਵੀ ਸਾਰਾ ਅਨਾਜ ਖਤਮ ਹੋ

ਗਿਆ। ਜਦ ਮੋਰ ਨੂੰ ਭੁੱਖ ਲਗੀ ਤਾਂ ਉਸ ਨੇ ਸੋਚਿਆ ਇਧਰ-ਉਧਰ ਜਾ ਕੇ ਦਾਣਾ ਲੱਭਦਾ ਹਾਂ। ਮੋਰ ਨੇ ਉਡੱਣ ਦਾ ਜਤਨ ਕੀਤਾ ਪਰ ਉਹ ਉਡ ਨਹੀਂ ਸਕਦਾ ਸੀ ਕਿਉਂਕਿ ਉਸਦੇ ਕੋਲ ਇਕ ਵੀ ਖੰਭ ਨਹੀਂ ਬਚਿਆ ਸੀ। ਉਸ ਨੇ ਆਪਣੇ ਸ਼ਰੀਰ ਤੇ ਨਜ਼ਰ ਮਾਰੀ ਤਾਂ ਵੇਖਿਆ ਕਿ ਉਹ ਬਿਨਾਂ ਖੰਭਾਂ ਦੇ ਕਿੰਨਾਂ ਬਦਸੂਰਤ ਲਗ ਰਿਹਾ ਹੈ। ਇਕ ਹੀ ਜਗ੍ਹਾ ਤੇ ਬੈਠੇ-ਬੈਠੇ ਅਤੇ ਖਾਂਦੇ ਰਹਿਣ ਕਰਕੇ ਉਸ ਦਾ ਸ਼ਰੀਰ ਬਹੁਤ ਭਾਰੀ ਹੋ ਗਿਆ ਸੀ।

ਮੋਰ ਨੇ ਘਰ ਬੈਠੇ ਭੋਜਨ ਦੇ ਲਾਲਚ ਵਿਚ ਆਪਣੀ ਸੁੰਦਰਤਾ ਹੀ ਨਹੀਂ ਆਪਣੀ ਉਡੱਣ ਦੀ ਸ਼ਕਤੀ ਨੂੰ ਵੀ ਵੇਚ ਦਿੱਤਾ ਸੀ ਅਤੇ ਨਾਲ-ਨਾਲ ਹੀ ਆਪਣੀ ਚੰਚਲਤਾ ਅਤੇ ਕਰਮਸ਼ੀਲਤਾ ਤੋਂ ਵੀ ਹੱਥ ਧੋ ਬੈਠਾ ਸੀ। ਉਹ ਹੁਣ ਭੁੱਖਾ ਪਿਆਸਾ ਬੈਠਾ ਰਹਿੰਦਾ ਸੀ। ਆਪਣੀ ਇਸ ਸਥਿਤੀ ਦੇ ਕਾਰਣ ਉਹ ਬਹੁਤ ਦੁਖੀ ਰਹਿਣ ਲੱਗਾ। ਭੋਜਨ ਦੀ ਕਮੀ ਦੇ ਕਾਰਣ ਉਸ ਦੀ ਜਲਦੀ ਹੀ ਮੌਤ ਹੋ ਗਈ।

ਉਸ ਨਾਲ ਇਹ ਸਭ ਕਿਉਂ ਹੋਇਆ? ਐਸਾ ਇਸ ਲਈ ਹੋਇਆ ਕਿਉਂਕਿ ਉਸ ਨੇ ਕਰਮ ਕਰਨਾ ਛੱਡ ਦਿੱਤਾ ਸੀ। ਮੋਰ ਦੀ ਸੁੰਦਰਤਾ ਅਤੇ ਉਸ ਦੇ ਜੀਵਨ ਦਾ ਅਧਾਰ ਉਸ ਦੇ ਖੰਭਾਂ ਵਿਚ ਹੈ ਅਤੇ ਨੱਚਣ ਵਿਚ ਹੈ, ਅਰਾਮ ਕਰਨ ਵਿਚ ਨਹੀਂ ਹੈ। ਮਨੁੱਖ ਹੀ ਨਹੀਂ ਬਲਕਿ ਹਰ ਪ੍ਰਾਣੀ ਲਈ ਕਰਮ ਕਰਨਾ ਜ਼ਰੂਰੀ ਹੈ। ਜਦ ਵੀ ਅਸੀਂ ਆਪਣਾ ਕਰਮ ਕਰਨਾ ਛੱਡ ਦਿੰਦੇ ਹਾਂ ਤਾਂ ਸਾਡੀ ਦੁਰਗਤੀ ਹੀ ਹੁੰਦੀ ਹੈ। ਸਾਨੂੰ ਲਾਲਚੀ ਨਹੀਂ ਹੋਣਾ ਚਾਹੀਦਾ ਕਿ ਅਸੀਂ ਲਾਲਚ ਵਿਚ ਗ੍ਰੰਮ ਹੋ ਕੇ ਆਪਣੀ ਸੁੰਦਰਤਾ, ਆਪਣੀ ਕਲਾ, ਆਪਣੀ ਯੋਗਤਾ ਅਤੇ ਆਪਣੀ ਨੈਤਿਕਤਾ ਨੂੰ ਹੀ ਗੁਆ ਦੇਈਏ। ਕਰਮ ਦੁਆਰਾ ਅਸੀਂ ਨਾ ਕੇਵਲ ਆਪਣੀ ਰੋਜ਼ੀ-ਰੋਟੀ ਕਮਾ ਸਕਦੇ ਹਾਂ ਬਲਕਿ ਸਿਹਤਮੰਦ ਅਤੇ ਰੋਗਮੁਕਤ ਵੀ ਬਣੇ ਰਹਿ ਸਕਦੇ ਹਾਂ। ਇਸ ਲਈ ਬੇਕਾਰ ਆਰਾਮ ਅਤੇ ਆਲਸ ਨਹੀਂ ਕਰਮ ਹੀ ਹੈ ਜੀਵਨ ਦਾ ਅਸਲੀ ਅਧਾਰ। ■

❑ ਦਿਨੇਸ਼

ਬਿੱਲੀ ਦਾ ਵਅਦਾ

ਵੋਟਾਂ ਪਈਆਂ ਸ਼ੇਰ ਹਾਰ ਗਿਆ,
ਬਿੱਲੀ ਨੇ ਜਿੱਤ ਪਾਈ।
ਸਭ ਚੂਹਿਆਂ ਨੂੰ ਝਾਂਸਾ ਦੇ ਕੇ,
ਪ੍ਰੈਸ ਕਾਨਫਰੰਸ ਬੁਲਵਾਈ।

ਬੋਲੀ-ਹਿੰਸਾ ਧਰਮ ਨਹੀਂ ਮੇਰਾ,
ਨਹੀਂ ਚੂਹਿਆਂ ਨੂੰ ਖਾਵਾਂਗੀ।
ਲੇਕਿਨ ਇਤਨਾ ਯਾਦ ਰੱਖੋ ਤੁਸੀਂ
ਜਦ ਮਰਜੀ ਆ ਜਾਵਾਂਗੀ।

ਜੇਕਰ ਮੈਂ ਨਹੀਂ ਆ ਸਕੀ ਤਾਂ,
ਫਿਰ ਤੁਹਾਨੂੰ ਆਉਣਾ ਪਏਗਾ।
ਅਤੇ ਭੇਂਟ ਵਿਚ ਰੰਗ-ਬਿਰੰਗਾ,
ਗੁਲਦਸਤਾ ਲਿਆਉਣਾ ਪਏਗਾ।

ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1. ਅਰਜੁਨ
2. ਰਾਜਸਥਾਨ
3. ਤਹਿਰਾਨ
4. ਸ਼ਤਰੂਘਨ
5. ਲਾਰਡ ਇਰਵਨ
6. ਵਾਮਨ
7. ਆਕਸੀਜਨ
8. ਰਾਮਕ੍ਰਿਸ਼ਣ ਮਿਸ਼ਨ
9. ਰਾਜੀਵ ਗਾਂਧੀ ਖੇਡ ਰਤਨ
10. ਸਰਵਪੱਲੀ ਰਾਧਾਕ੍ਰਿਸ਼ਣਨ
11. ਪਾਕਿਸਤਾਨ
12. ਅਬਦੁੱਲ ਗੱਫਾਰ ਖਾਨ
13. ਤੀਨਮੂਰਤੀ ਭਵਨ
14. ਸਿਲੋਂਨ

❒ ਰਾਜਕੁਮਾਰ ਜੈਨ

ਰੋਬੋਟ

ਇਕ ਮੈਨੂੰ ਲੈ ਦੇ ਮਾਂ

ਰੋਬੋਟ ਇਕ ਮੈਨੂੰ ਲੈ ਦੇ ਮਾਂ,
ਕੰਮ ਸਹਿਜ ਸਰਲ ਕਰਵਾ ਦੇ ਮਾਂ।
ਸਾਡੇ ਕੋਲ ਉਹ ਸਦਾ ਰਹੇਗਾ,
'ਰੋਬੂ' ਹੋਏਗਾ ਉਸ ਦਾ ਨਾਂ।

ਬਸਤਾ ਮੇਰਾ ਬੜਾ ਹੈ ਭਾਰਾ,
ਉਹ ਸਕੂਲ ਲੈ ਜਾਏਗਾ।
ਹੋਮਵਰਕ ਵੀ ਝਟਪਟ ਕਰ ਕੇ,
ਮੇਰੇ ਨਾਲ ਖੇਡਣ ਆਏਗਾ।



ਘਰ-ਬਾਰ ਦਾ ਸਾਰਾ ਹੀ ਕੰਮ,
ਅੱਜ ਤੋਂ ਰੋਬੋਟ ਹੀ ਕਰੇਗਾ।
ਤੁਹਾਨੂੰ ਵੀ ਫਿਰ ਥੋੜਾ-ਬਹੁਤਾ,
ਸਮਾਂ ਆਰਾਮ ਲਈ ਮਿਲ ਜਾਏਗਾ।

ਜਦ ਕਦੇ ਮੈਂ ਬੋਰ ਹੋਵਾਂਗਾ,
ਪਿਆਰੀਆਂ-ਪਿਆਰੀਆਂ ਗੱਲਾਂ ਕਰੇਗਾ।
ਜੋ ਕੁਝ ਵੀ ਮਰਜੀ ਕਰਵਾਉ,
ਸੋਰੀ ਬਿਲਕੁਲ ਨਹੀਂ ਕਹੇਗਾ।

ਕੀ ਤੁਸੀਂ ਜਾਣਦੇ ਹੋ?

1) ਰਾਜਾ ਦਸ਼ਰਥ ਦੇ ਬਾਣ ਨਾਲ ਸ਼ਰਵਣ ਕੁਮਾਰ ਦੀ ਮੌਤ ਹੋਈ ਸੀ।
2) ਮੁਗਲ ਸਮਰਾਟ ਸ਼ਾਹਜਹਾਂ ਨੇ ਤਾਜਮਹੱਲ ਮੁਮਤਾਜ਼ ਮਹਿਲ ਦੀ ਯਾਦ ਵਿਚ ਬਣਵਾਇਆ ਸੀ।
3) ਮੁੰਬਈ ਸ਼ਹਿਰ ਦਾ ਪੁਰਾਣਾ ਨਾਂ ਬੰਬਈ ਸੀ।
4) ਰਵਿੰਦਰਨਾਥ ਟੈਗੋਰ ਨੇ ਭਾਰਤ ਦੇ ਰਾਸ਼ਟਰੀ ਗਾਨ ਜਨ ਗਣ ਮਨ ਦੀ ਰਚਨਾ ਕੀਤੀ ਸੀ।
5) ਮੰਡੀ ਗੋਬਿੰਦਗੜ ਅਤੇ ਬੱਸੀ ਪਠਾਣਾ ਸ਼ਹਿਰ ਪੰਜਾਬ ਦੇ ਫਤਹਿਗੜ ਸਾਹਿਬ ਜਿਲੇ ਵਿਚ ਹਨ।
6) ਲਕਸ਼ਮੀਬਾਈ ਝਾਂਸੀ ਦੀ ਮਹਾਰਾਣੀ ਸੀ।
7) ਭਗਵਾਨ ਸ਼੍ਰੀ ਕਿਸ਼ਣ ਨੇ ਵਰਿੰਦਾਵਨ ਦੇ ਗੋਵਰਧਨ ਪਰਬਤ ਨੂੰ ਆਪਣੀ ਉਂਗਲੀ ਤੇ ਚੁੱਕ ਲਿਆ ਸੀ।
8) ਏਸ਼ਿਆਈ ਖੇਡਾਂ ਦਾ ਆਯੋਜਨ ਚਾਰ ਸਾਲ ਬਾਅਦ ਹੁੰਦਾ ਹੈ।
9) ਚੰਡੀਗੜ ਸ਼ਹਿਰ ਦਾ ਨਕਸ਼ਾ ਲੀ ਕਾਰਬੂਜਿਅਰ ਨੇ ਤਿਆਰ ਕੀਤਾ ਸੀ।
10) ਬਾਬਾ ਬੂਟਾਸਿੰਘ ਜੀ ਨੇ ਆਪਣਾ ਨਾਸ਼ਵਾਨ ਸ਼ਰੀਰ ਕੋਹਮਰੀ ਵਿਚ ਤਿਆਗਿਆ ਸੀ।
11) ਮਗਰਮੱਛ ਮੂੰਹ ਖੋਲ ਕੇ ਸੌਂਦਾ ਹੈ।
12) ਘੋੜਾ ਲਗਭਗ 50 ਸਾਲ ਦੀ ਉਮਰ ਭੋਗਦਾ ਹੈ।
13) ਹਾਥੀ ਰਾਤ ਨੂੰ ਸਿਰਫ 2 ਘੰਟੇ ਸੌਂਦਾ ਹੈ।
14) ਜਿਰਾਫ ਕੋਈ ਵੀ ਅਵਾਜ਼ ਨਹੀਂ ਕੱਢ ਸਕਦਾ।
15) ਛਿਪਕਲੀ ਕਦੇ ਵੀ ਪਾਣੀ ਨਹੀਂ ਪੀਂਦੀ।

ਸੰਗ੍ਰਹਿਕਰਤਾ - ਰੂਬੀ ਭੋਲਾ

❐ ਅਮਨਪ੍ਰੀਤ

ਚਲਾਕ ਖਰਗੋਸ਼ ਅਤੇ ਧੋਖੇਬਾਜ਼ ਗਿੱਦੜ

ਡੱਬਖੜੱਬਾ ਖਰਗੋਸ਼ ਬਹੁਤ ਹੀ ਚਲਾਕ ਅਤੇ ਹੁਸ਼ਿਆਰ ਸੀ। ਜੰਗਲ ਵਿਚ ਉਹ ਟੱਪੂਸੀਆਂ ਮਾਰਦਾ-ਫਿਰਦਾ ਰਹਿੰਦਾ ਸੀ। ਕਦੇ ਕਿਸੀ ਤਿੱਤਲੀ ਦੇ ਪਿੱਛੇ ਭੱਜਦਾ, ਕਦੇ ਹਰੀ-ਹਰੀ ਘਾਹ ਨੂੰ ਖਾਂਦਾ ਰਹਿੰਦਾ। ਬਹੁਤ ਹੀ ਸੋਹਣਾ ਲੱਗਦਾ ਜਦੋਂ ਉਸ ਦੀਆਂ ਲਾਲ-ਲਾਲ ਅੱਖਾਂ ਚਮਕਦੀਆਂ।

ਇਕ ਗਿੱਦੜ ਨੇ ਜਦੋਂ ਉਸ ਖਰਗੋਸ਼ ਨੂੰ ਦੇਖਿਆ ਤਾਂ ਉਸ ਦੇ ਮੂੰਹ ਵਿਚ ਪਾਣੀ ਆ ਗਿਆ। ਉਹ ਉਸ ਨੂੰ ਖਾਣਾ ਚਾਹੁੰਦਾ ਸੀ ਪਰ ਖਰਗੋਸ਼ ਬਹੁਤ ਚੁਸਤ-ਚਲਾਕ ਸੀ। ਗਿੱਦੜ ਨੇ ਉਸ ਨੂੰ ਖਾਣ ਲਈ ਯੋਜਨਾ ਬਣਾਈ ਤੇ ਉਸ ਨੇ ਖਰਗੋਸ਼ ਨੂੰ ਕਿਹਾ – ਖਰਗੋਸ਼ ਭਰਾ ਕੀ ਹਾਲ ਏ ਏ ਤੇਰਾ? ਖਰਗੋਸ਼ ਥੋੜਾ ਡਰਿਆ ਪਰ ਉਸ ਨੇ ਵੀ ਕਿਹਾ ਕਿ ਗਿੱਦੜ ਭਰਾ ਠੀਕ ਹਾਂ ਮੈਂ, ਤੂੰ ਦੱਸ। ਗਿੱਦੜ ਨੇ ਖਰਗੋਸ਼ ਨੂੰ ਕਿਹਾ ਕਿ ਭਰਾ ਕੀ ਦੱਸਾਂ , ਮੇਰਾ ਕੋਈ ਦੋਸਤ ਨਹੀਂ ਹੈ – ਉਸ ਨੇ ਰੋਂਦੇ ਹੋਏ ਹੀ ਕਿਹਾ। ਉਧਰ ਖਰਗੋਸ਼ ਵਿਚਾਰਾ ਉਸ ਦਾ ਮੂੰਹ ਦੇਖ ਕੇ ਉਸ ਦੀਆਂ ਗੱਲਾਂ ਵਿਚ ਆ ਗਿਆ ਅਤੇ ਕਹਿਣ ਲੱਗਾ – ਮੈਂ ਤੇਰਾ ਦੋਸਤ ਹਾਂ। ਤੂੰ ਮੇਰੇ ਨਾਲ ਦੋਸਤੀ ਕਰ ਸਕਦਾ ਹੈ। ਗਿੱਦੜ ਨੇ ਖਰਗੋਸ਼ ਨਾਲ ਦੋਸਤੀ ਕਰ ਲਈ।

ਗਿੱਦੜ ਉਸ ਨੂੰ ਇਕੱਲਾ ਪਕੜ ਨਹੀਂ ਸਕਦਾ ਸੀ ਕਿਉਂਕਿ ਖਰਗੋਸ਼ ਬਹੁਤ ਹੀ ਫੁਰਤੀਲਾ ਸੀ। ਰਾਤ ਗੁਜਰੀ। ਉਹ ਦੋਵੇਂ ਇਕੱਠੇ ਬੈਠੇ ਸਨ। ਗਿੱਦੜ, ਖਰਗੋਸ਼ ਨੂੰ ਕਹਿਣ ਲੱਗਾ, ਭਰਾ ਤੂੰ ਬਹੁਤ ਛੋਟਾ ਹੈ। ਕੀ ਤੂੰ ਮੇਰੇ ਜਿੰਨਾ ਵੱਡਾ ਹੋਣਾ ਚਾਹੁੰਦਾ ਏਂ। ਗਿੱਦੜ ਨੇ ਯੋਜਨਾ ਮੁਤਾਬਿਕ ਖਰਗੋਸ਼ ਨੂੰ ਕਿਹਾ। ਖਰਗੋਸ਼ ਫਿਰ ਸੋਚਣ ਲੱਗਾ ਕਿ ਬਹੁਤ ਛੋਟਾ ਹਾਂ। ਉਸ ਨੇ ਗਿੱਦੜ ਨੂੰ ਕਿਹਾ –ਭਰਾ ਹੁਣ ਕਿੱਥੇ ਮੈਂ ਵੱਡਾ ਹੋ ਸਕਨਾ। ਗਿੱਦੜ ਨੇ ਖਰਗੋਸ਼ ਨੂੰ ਫਿਰ ਉਤੱਰ ਦਿੱਤਾ – ਭਰਾ ਤੂੰ ਵੱਡਾ ਹੋ ਸਕਦਾ ਹੈ, ਮੈਨੂੰ ਇਕ ਇੱਛਾ ਪੂਰੀ ਕਰਨ ਵਾਲਾ ਪਿੱਪਲ ਦੇ ਰੁੱਖ ਦਾ ਪਤਾ ਹੈ। ਉਹ ਹਰ ਹਿਕ ਦੀ ਇਛੱਾ ਪੂਰੀ ਕਰਦਾ ਹੈ। ਖਰਗੋਸ਼ ਵਿਚਾਰਾ ਗਿੱਦੜ ਦੇ ਜਾਲ ਵਿਚ ਫਸ ਗਿਆ। ਉਸ ਨੇ ਕਿਹਾ – ਖਰਗੋਸ਼ ਭਰਾ ਜਦੋਂ ਥੋੜਾ ਹਨੇਰਾ ਹੋਣ ਲੱਗੇਗਾ ਉਦੋਂ ਹੀ ਉਹ ਇੱਛਾ ਪੂਰੀ ਕਰਦਾ ਹੈ।

ਖਰਗੋਸ਼ ਹਨੇਰਾ ਹੋਣ ਦੀ ਉਡੀਕ ਕਰਨ ਲੱਗਾ। ਉਸ ਨੂੰ ਵੱਡਾ ਹੋਣ ਦਾ ਬਹੁਤ ਚਾਅ ਚੜਿਆ ਹੋਇਆ ਸੀ। ਆਖਿਰ ਹਨੇਰਾ ਹੋ ਗਿਆ। ਗਿੱਦੜ, ਖਰਗੋਸ਼ ਨੂੰ ਆਪਣੇ ਨਾਲ ਲੈ ਕੇ ਚੱਲ ਪਿਆ। ਦੋਨੋਂ ਰੁੱਖ ਕੋਲ ਪਹੁੰਚ ਗਏ। ਗਿੱਦੜ ਨੇ ਆਪਣੇ ਇਕ ਦੋਸਤ ਭੇੜੀਏ ਨੂੰ ਪਹਿਲਾਂ ਹੀ ਪਿੱਪਲ ਦੇ ਰੁੱਖ ਪਿੱਛੇ

ਛੁਪਾ ਦਿੱਤਾ ਸੀ ਕਿ ਖਰਗੋਸ਼ ਜੋ ਵੀ ਬੋਲੇ ਤੂੰ ਉਸ ਦਾ ਉਤੱਰ ਦੇ ਦੇਵੀਂ। ਰੁੱਖ ਨੇ ਕਿੱਥੇ ਬੋਲਣਾ ਸੀ ਤਾਂ ਹੀ ਉਸ ਨੇ ਆਪਣੇ ਦੋਸਤ ਭੇੜੀਏ ਨੂੰ ਯੋਜਨਾ ਮੁਤਾਬਿਕ ਖੜਾ ਕੀਤਾ ਸੀ।

ਗਿਦੱੜ ਨੇ ਖਰਗੋਸ਼ ਨੂੰ ਕਿਹਾ ਕਿ ਤੂੰ ਆਪਣੀ ਇਛੱਾ ਇਸ ਪਿਪੱਲ ਦੇ ਰੁੱਖ ਨੂੰ ਦੱਸ। ਖਰਗੋਸ਼ ਤਾਂ ਵੱਡਾ ਹੋਣ ਲਈ ਬਹੁਤ ਉਤਾਵਲਾ ਸੀ। ਖਰਗੋਸ਼ ਬੇਖੌਫ ਬੋਲਣ ਲੱਗਾ, ਹੇ ਪਿੱਪਲ ਦੇ ਰੁੱਖ ਮੈਂ ਵੱਡਾ ਹੋਣਾ ਚਾਹੁੰਦਾ ਹਾਂ। ਕਿਰਪਾ ਕਰ ਕੇ ਮੈਨੂੰ ਵੱਡਾ ਕਰ ਦਿਉ।

ਪਿੱਪਲ ਦੇ ਰੁੱਖ ਪਿੱਛੇ ਭੇੜੀਆ ਖੜਾ ਸੀ। ਉਹ ਬੋਲਣ ਲੱਗਾ – ਠੀਕ ਹੈ ਬੱਚਾ ਤੂੰ ਵੱਡਾ ਹੋ ਸਕਦਾ ਹੈ। ਇਕ ਵਾਰ ਅੱਖਾਂ ਬੰਦ ਕਰ ਕੇ ਮੈਨੂੰ ਪ੍ਰਣਾਮ ਕਰ ਦੇ। ਖਰਗੋਸ਼ ਨੇ ਗਿੱਦੜ ਵੱਲ ਦੇਖਿਆ ਕਿ ਇਹ ਪਿੱਪਲ ਦਾ ਰੁੱਖ ਸੱਚੀ ਬੋਲਦਾ ਹੈ। ਉਸ ਨੂੰ ਗਿੱਦੜ ਨੇ ਇਸ਼ਾਰਾ ਕੀਤਾ ਕਿ ਝੁੱਕ ਕੇ ਪ੍ਰਣਾਮ ਕਰੋ। ਉਸ ਨੇ ਸੋਚਿਆ ਸੀ ਕਿ ਕਦੋਂ ਅੱਖਾਂ ਬੰਦ ਕਰੇ ਤੇ ਭੋਜਨ ਕਰਾਂ। ਖਰਗੋਸ਼ ਬਹੁਤ ਚਲਾਕ ਸੀ।

ਜਦੋਂ ਖਰਗੋਸ਼ ਝੁੱਕਣ ਲੱਗਾ ਤਾਂ ਉਸ ਨੇ ਦੇਖਿਆ ਕਿ ਪਿੱਪਲ ਦੇ ਰੁੱਖ ਪਿੱਛੇ ਕਿਸੇ ਦੀ ਪੂਛ ਦਿਸ ਰਹੀ ਹੈ। ਖਰਗੋਸ਼ ਸਮਝ ਗਿਆ ਕਿ ਕੋਈ ਗੜਬੜ ਹੈ। ਉਹ ਇਕਦਮ ਸੁਚੇਤ ਹੋ ਗਿਆ। ਉਹ ਗਿੱਦੜ ਨੂੰ ਕਹਿਣ ਲੱਗਾ ਕਿ ਮੇਰੇ ਪੈਰ ਵਿਚ ਦਰਦ ਹੈ ਇਸ ਲਈ ਉਹ ਹੁਸ਼ਿਆਰੀ ਨਾਲ ਝੁਕਣ ਦੀ ਬਜਾਏ ਪਿੱਪਲ ਦੇ ਰੁੱਖ ਪਿੱਛੇ ਚਲਣ ਲੱਗਾ। ਜਦੋਂ ਉਸ ਨੇ ਪਿੱਪਲ ਦੇ ਰੁੱਖ ਪਿੱਛੇ ਭੇੜੀਆ ਦੇਖਿਆ ਤਾਂ ਉਸ ਦੇ ਹੋਸ਼ ਉਡੱ ਗਏ ਪਰ ਉਸ ਨੇ ਹਿੰਮਤ ਰੱਖੀ।

ਭੇੜੀਆ ਉਸ ਨੂੰ ਦੇਖ ਕੇ ਹਮਲਾ ਕਰਨ ਹੀ ਲੱਗਾ ਸੀ ਤਾਂ ਖਰਗੋਸ਼ ਬਹੁਤ ਫੁਰਤੀ ਨਾਲ ਉਥੋਂ ਭੱਜਿਆ। ਬਸ ਖਰਗੋਸ਼ ਹੁਣ ਭੱਜਦਾ ਜਾ ਰਿਹਾ ਸੀ ਕਿਉਂਕਿ ਜੇ ਰੁਕਦਾ ਤਾਂ ਭੇੜੀਆ ਅਤੇ ਗਿੱਦੜ ਉਸ ਨੂੰ ਮਾਰ ਦਿੰਦੇ। ਆਖਿਰ ਖਰਗੋਸ਼ ਆਪਣੀ ਜਾਨ ਬਚਾ ਕੇ ਉਥੋਂ ਭੱਜ ਗਿਆ। ਭੇੜੀਆ ਅਤੇ ਗਿੱਦੜ ਬਸ ਦੇਖਦੇ ਰਹਿ ਗਏ। ਉਹ ਦੋਨੋਂ ਇਕ ਦੂਸਰੇ ਨੂੰ ਕੋਸ ਰਹੇ ਸਨ। ਬਸ ਕਰ ਵੀ ਕੀ ਸਕਦੇ ਸਨ ਹੁਣ ਉਹ। ਉਹਨਾਂ ਦਾ ਸ਼ਿਕਾਰ ਹੱਥੋਂ ਨਿਕਲ ਗਿਆ ਸੀ।

ਪਿਆਰੇ ਬੱਚਿਉ! ਕਦੇ ਵੀ ਉਸ ਵਿਅਕਤੀ ਨਾਲ ਦੋਸਤੀ ਨਹੀਂ ਕਰਨੀ ਚਾਹੀਦੀ ਜਿਸਨੂੰ ਤੁਸੀਂ ਚੰਗੀ ਤਰ੍ਹਾਂ ਜਾਣਦੇ ਨਹੀਂ ਹੋ। ਨਹੀਂ ਤਾਂ ਮੁਸੀਬਤ ਵਿਚ ਫਸ ਜਾਉਗੇ।



❒ ਮਦਨ ਦੇਵੜਾ

ਭੁੱਲੇ ਭਟਕੇ ਰਾਹੀ ਨੂੰ

ਪੜ੍ਹੇ ਲਿਖੇ ਗੁਣਵਾਨ ਅਖਵਾਉਂਦੇ,
ਸਦਾ ਹੀ ਉੱਤਮ ਸ਼੍ਰੇਣੀ ਵਿਚ ਆਉਂਦੇ।

ਟੀਚਰ ਜੀ ਦਾ ਕਹਿਣਾ ਮੰਨੀਏ,
ਕਰੀਏ ਜਮ ਕੇ ਖੂਬ ਪੜਾਈ।
ਨਿੱਕੀ-ਨਿੱਕੀ ਗੱਲ ਤੇ ਐਵੇਂ,
ਕਰੀਏ ਨਾ ਕਿਸੇ ਨਾਲ ਲੜਾਈ।

ਉੱਚ-ਨੀਚ, ਭੇਦਭਾਵ ਮਿਟਾ ਕੇ,
ਏਕਤਾ ਅਸੀਂ ਅਪਨਾਵਾਂਗੇ।
ਹਰ ਭੁੱਲੇ-ਭਟਕੇ ਰਾਹੀ ਨੂੰ,
ਮੰਜਿਲ ਤਕ ਪਹੁੰਚਾਵਾਂਗੇ।

ਵਿਦਿਆ ਦੀ ਸਦਾ ਪੂਜਾ ਕਰੀਏ,
ਹਰ ਵਿਸ਼ੇ ਤੇ ਧਿਆਨ ਲਗਾਈਏ।
ਭਾਰਤਮਾਤਾ ਦੇ ਗੁਣ ਗਾਈਏ,
ਪੜ੍ਹੇ-ਲਿਖੇ ਗੁਣਵਾਨ ਅਖਵਾਈਏ।

ਆਲੂਮਲ

ਆਲੂਮਲ ਹੈ ਮੇਰਾ ਨਾਮ
ਦੁਨੀਆਂ ਮੈਨੂੰ ਕਰੇ ਸਲਾਮ।

ਅਖਵਾਉਂਦਾ ਹਾਂ ਸਬਜ਼ੀ ਦਾ ਰਾਜਾ
ਬਾਰ੍ਹਾਂ ਮਹੀਨੇ ਮਿਲਾਂ ਮੈਂ ਤਾਜਾ।

❒ ਕਿਰਣ ਬਾਲਾ

ਦੁਨੀਆ ਦਾ ਅਨੋਖਾ ਬੈਂਕ

ਬੈਂਕ ਤਾਂ ਦੁਨੀਆਭਰ ਵਿਚ ਬਹੁਤ ਹਨ ਜਿਥੇ ਲੋਕ ਆਪਣਾ ਪੈਸਾ ਜਮਾਂ ਕਰਦੇ ਹਨ। ਅਸੀਂ ਤੁਹਾਨੂੰ ਅਜਿਹੇ ਬੈਂਕ ਬਾਰੇ ਦੱਸ ਰਹੇ ਹਾਂ ਜਿਸ ਨੂੰ ਤੁਸੀਂ ਨਾ ਕਦੇ ਵੇਖਿਆ ਹੋਵੇਗਾ ਨਾ ਹੀ ਉਸ ਦੇ_ਬਾਰੇ ਕਦੇ ਸੁਣਿਆਂ ਹੋਵੇਗਾ। ਜੀ ਹਾਂ ਤੁਸੀਂ ਆਪਣਾ ਪੈਸਾ ਨਹੀਂ ਬਲਕਿ ਆਪਣੀਆਂ ਭਾਵਨਾਵਾਂ ਜਮਾਂ ਕਰਾ ਸਕਦੇ ਹੋ। ਇਹ ਅਨੋਖਾ ਬੈਂਕ ਨਿਊਜ਼ੀਲੈਂਡ ਵਿਚ ਹੈ। ਇਥੋਂ ਦੇ ਯਾਂਗਰੇ ਸ਼ਹਿਰ ਵਿਚ ਇਕ ਮੂਡ ਬੈਂਕ ਦੀ ਸ਼ੁਰੂਆਤ ਕੀਤੀ ਗਈ ਹੈ। ਇਥੇ ਏ.ਟੀ.ਐਮ ਮਸ਼ੀਨ ਲੱਗੀ ਹੈ ਜਿਥੇ ਲੋਕ ਆਪਣੇ ਸਟੇਟ ਔਫ ਮਾਈਂਡ ਜਾਂ ਮੂਡ ਨੂੰ ਜਮਾਂ ਕਰ ਸਕਦੇ ਹਨ।

ਇਸ ਵਿਚ 'ਵੇਨੇਮਾ ਫ੍ਰੈਂ' ਪਰਿਯੋਜਨਾ ਪ੍ਰਮੁਖ ਹੈ। ਇਸ ਦਾ ਮਕਸਦ ਲੋਕਾਂ ਦੇ ਸਟੇਟ ਔਫ ਮਾਈਂਡ ਦਾ ਪਤਾ ਲਗਾਉਣਾ ਹੈ। ਇਥੇ ਜੋ ਕੁਝ ਵੀ ਤੁਹਾਡੇ ਦਿਮਾਗ ਵਿਚ ਚਲ ਰਿਹਾ ਹੈ ਉਸ ਨੂੰ ਜਮਾਂ ਕਰ ਸਕਦੇ ਹੋ ਜਿਵੇਂ ਗੁੱਸਾ ਜਾਂ ਪਿਆਰ। ਜੇਕਰ ਤੁਸੀਂ ਆਪਣੀ ਭੜਾਸ ਵੀ ਕੱਢਣੀ ਹੈ ਤਾਂ ਇਹ ਮਸ਼ੀਨ ਉਹ ਵੀ ਉਤਾਰਨ ਲਈ ਤਿਆਰ ਹੈ। ਇਸ ਮਸ਼ੀਨ ਦੇ ਲੱਗ ਜਾਣ ਨਾਲ ਸ਼ਹਿਰ ਦੇ ਲੋਕਾਂ ਦੀ ਮਾਨਸਿਕ ਸਥਿਤੀ ਦਾ ਅਧਿਐਨ ਕੀਤਾ ਜਾਵੇਗਾ। ਇਸ ਅਨੋਖੇ ਬੈਂਕ ਨਾਲ ਹਰ ਦਿਨ ਅਨੇਕਾਂ ਲੋਕ ਜੁੜ ਰਹੇ ਹਨ ਅਤੇ ਗ੍ਰਾਹਕਾਂ ਦੀ ਗਿਣਤੀ ਹਜ਼ਾਰਾਂ ਵਿਚ ਪਹੁੰਚ ਗਈ ਹੈ। ਇਹ ਬੈਂਕ ਕਾਫੀ ਲੋਕਪ੍ਰੀਯ ਹੋ ਗਿਆ ਹੈ। ਲੋਕਾਂ ਦੀ ਉਤਸੁਕਤਾ ਵੱਧਦੀ ਜਾ ਰਹੀ ਹੈ ਕਿਉਂਕਿ ਲੋਕਾਂ ਕੋਲ ਪੈਸਾ ਹੋਵੇ, ਜਾਂ ਨਾ ਹੋਵੇ ਖੁਸ਼ੀ ਅਤੇ ਗਮ ਤਾਂ ਹੁੰਦੇ ਹੀ ਹਨ ਜੋ ਉਥੇ ਜਮਾਂ ਕਰ ਰਹੇ ਹਨ। ਜਦ ਕੋਈ ਇਸ ਮਸ਼ੀਨ ਕੋਲ ਪਹੁੰਚਦਾ ਹੈ ਤਾਂ ਇਹ ਸਭ ਤੋਂ ਪਹਿਲਾਂ ਇਕ ਸਵਾਲ ਪੁੱਛਦੀ ਹੈ ਕਿ ਤੁਸੀਂ ਕਿਹੋ ਜਿਹਾ ਮਹਿਸੂਸ ਕਰ ਰਹੇ ਹੋ? ਇਸ ਦਾ ਜੁਆਬ ਦੇਣ ਲਈ ਤੁਹਾਡੇ ਕੋਲ ਹਜ਼ਾਰ ਤੋਂ ਵੱਧ ਤਰੀਕੇ ਮੌਜੂਦ ਹਨ। ਇਹਨਾਂ ਜੁਆਬਾਂ ਨੂੰ ਤੁਸੀਂ ਆਪਣੇ ਹਿਸਾਬ ਨਾਲ ਬਦਲ ਵੀ ਸਕਦੇ ਹੋ। ਜਿਵੇਂ ਹੀ ਮੂਡ ਨੂੰ ਮਸ਼ੀਨ ਵਿਚ ਫੀਡ ਕਰਦੇ ਹਾਂ ਤਾਂ ਇਕ ਪਰਚੀ ਮਿਲਦੀ ਹੈ।

ਤਾਂ ਕੀ ਸੋਚ ਰਹੇ ਹੋ? ਜੇ ਤੁਸੀਂ ਨਿਊਜ਼ੀਲੈਂਡ ਜਾਉ ਤਾਂ ਇਸ ਬੈਂਕ ਵਿਚ ਜ਼ਰੂਰ ਜਾਉ ਅਤੇ ਆਪਣੀਆਂ ਭਾਵਨਾਵਾਂ ਨੂੰ ਜਮਾਂ ਕਰ ਕੇ ਆਉ।

- ਹਮੇਸ਼ਾ ਨਿਮਰਤਾ, ਪਿਆਰ, ਕਰੁਣਾ ਅਤੇ ਦਯਾ ਦੇ ਭਾਵ ਨਾਲ ਭਰਪੂਰ ਰਹਿਣਾ ਚਾਹੀਦਾ ਹੈ।
- ਜਦ ਮਨ ਨਿਰਮਲ ਹੋ ਗਿਆ ਤਾਂ ਜੀਵਨ ਵੀ ਨਿਰਮਲ ਹੋ ਜਾਏਗਾ।
- ਭਗਤ ਸੇਵਾ, ਸਿਮਰਨ, ਸਤਿਸੰਗ ਕਰਦੇ ਹੋਏ ਇਸ ਜੀਵਨ ਦੀ ਯਾਤਰਾ ਨੂੰ ਤੈਅ ਕਰਕੇ ਆਪਣਾ ਕਲਿਆਣ ਕਰਦਾ ਹੈ ਅਤੇ ਦੂਜਿਆਂ ਦਾ ਵੀ ਕਲਿਆਣ ਕਰਦਾ ਹੈ।

– ਬਾਬਾ ਹਰਦੇਵ ਸਿੰਘ ਜੀ

❒ ਊਸ਼ਾ ਸਭਰਵਾਲ

ਲਾਲਚ ਬੁਰੀ ਬਲਾ ਹੈ

ਇਕ ਲੱਕੜਹਾਰਾ ਸੀ। ਉਹ ਨਦੀ ਦੇ ਕਿਨਾਰੇ ਰੁੱਖ ਉਤੇ ਚੜ ਕੇ ਲਕੜੀਆਂ ਕੱਟ ਰਿਹਾ ਸੀ। ਅਚਾਨਕ ਉਸ ਦੀ ਕੁਹਾੜੀ ਉਸ ਦੇ ਹੱਥਾਂ ਤੋਂ ਫਿਸਲ ਕੇ ਨਦੀ ਵਿਚ ਜਾ ਡਿੱਗੀ।

ਕੁਹਾੜੀ ਹਮੇਸ਼ਾ ਲਈ ਗੁਆਚ ਗਈ। ਇਹ ਸੋਚ ਕੇ ਲੱਕੜਹਾਰਾ ਬਹੁਤ ਦੁਖੀ ਹੋਇਆ ਅਤੇ ਰੋਣ ਲੱਗਾ। ਉਸ ਦਾ ਰੋਣਾ ਵੇਖ ਕੇ ਜਲ ਦੇਵੀ ਨੂੰ ਉਸ ਉਤੇ ਬਹੁਤ ਦਇਆ ਆਈ। ਉਸ ਨੇ ਲੱਕੜਹਾਰੇ ਤੋਂ ਸਾਰੀ ਗੱਲ ਪੁੱਛੀ ਅਤੇ ਡੁਬਕੀ ਲਗਾ ਕੇ ਹੱਥ ਵਿਚ ਸੋਨੇ ਦੀ ਕੁਹਾੜੀ ਲੈ ਆਈ ਤੇ ਲੱਕੜਹਾਰੇ ਨੂੰ ਪੁੱਛਣ ਲਗੀ - ਕੀ ਇਹ ਕੁਹਾੜੀ ਤੁਹਾਡੀ ਹੈ?

ਲਕੜਹਾਰੇ ਨੇ ਨਿਮਰਤਾ ਨਾਲ ਕਿਹਾ - ਨਹੀਂ ਇਹ ਮੇਰੀ ਕੁਹਾੜੀ ਨਹੀ ਹੈ। ਜਲਦੇਵੀ ਨੇ ਨਦੀ ਵਿਚ ਫਿਰ ਡੁਬਕੀ ਲਗਾਈ ਅਤੇ ਇਕ ਚਾਂਦੀ ਦੀ ਕੁਹਾੜੀ ਲੈ ਕੇ ਆ ਗਈ - ਕੀ ਇਹ ਕੁਹਾੜੀ ਤੁਹਾਡੀ ਹੈ?

ਲੱਕੜਹਾਰੇ ਨੇ ਫਿਰ ਉਤੱਰ ਦਿੱਤਾ - ਨਹੀਂ ਦੇਵੀ ! ! ਇਹ ਵੀ ਮੇਰੀ ਨਹੀਂ ਹੈ।

ਜਲਦੇਵੀ ਨੇ ਇਕ ਵਾਰ ਫਿਰ ਡੁਬਕੀ ਲਗਾਈ ਇਕ ਲੋਹੇ ਦੀ ਕੁਹਾੜੀ ਹੱਥ ਵਿਚ ਲੈ ਕੇ ਪੁੱਛਿਆ - ਕੀ ਇਹ ਤੁਹਾਡੀ ਕੁਹਾੜੀ ਹੈ?

ਆਪਣੀ ਕੁਹਾੜੀ ਵੇਖ ਕੇ ਲੱਕੜਹਾਰਾ ਖੁਸ਼ ਹੋ ਗਿਆ। ਕਹਿਣ ਲੱਗਾ - ਜੀ ਹਾਂ ਇਹੀ ਮੇਰੀ ਕੁਹਾੜੀ ਹੈ। ਤੁਹਾਡੀ ਕਿਰਪਾ ਨਾਲ ਮੈਨੂੰ ਫਿਰ ਮਿਲ ਗਈ। ਇਸ ਲਈ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਜਲਦੇਵੀ ਨੇ ਲੋਹੇ ਦੀ ਕੁਹਾੜੀ ਉਸ ਨੂੰ ਦੇ ਦਿੱਤੀ। ਉਸ ਦੇ ਬਾਅਦ ਉਹ ਬੋਲੀ - ਤੁਸੀਂ ਬਹੁਤ ਸੱਚੇ, ਧਰਮੀ ਮੁਨੱਖ ਹੋ। ਇਹ ਕਹਿ ਕੇ ਜਲਦੇਵੀ ਸੋਨੇ ਅਤੇ ਚਾਂਦੀ ਦੀ ਕੁਹਾੜੀ ਉਸ ਲੱਕੜਹਾਰੇ ਨੂੰ ਦੇ ਕੇ ਅੰਤਰਧਿਆਨ ਹੋ ਗਈ। ਲੱਕੜਹਾਰਾ ਕੁਝ ਵੀ ਸਮਝ ਨਹੀਂ ਸਕਿਆ ਅਤੇ ਹੈਰਾਨ ਹੋ ਕੇ ਵੇਖਦਾ ਰਹਿ ਗਿਆ। ਉਸ ਦੇ ਬਾਅਦ

ਘਰ ਆ ਕੇ ਉਸ ਨੇ ਆਪਣੇ ਪਰਿਵਾਰ ਅਤੇ ਗਵਾਂਢੀਆਂ ਨੂੰ ਸਾਰੀ ਘਟਨਾ ਸੁਣਾਈ। ਸੁਣ ਕੇ ਸਭ ਹੈਰਾਨ ਹੋ ਗਏ।

ਲੱਕੜਹਾਰੇ ਦੀ ਇਹ ਅਨੋਖੀ ਘਟਨਾ ਸੁਣ ਕੇ ਇਕ ਗਵਾਂਢੀ ਦੇ ਦਿਲ ਵਿਚ ਲਾਲਚ ਆ ਗਿਆ। ਅਗਲੇ ਦਿਨ ਸਵੇਰੇ ਉਹ ਵੀ ਕੁਹਾੜੀ ਲੈ ਕੇ ਰੁੱਖ ਕੱਟਣ ਲਈ ਨਦੀ ਦੇ ਕਿਨਾਰੇ ਇਕ ਰੁੱਖ ਤੇ ਜਾ ਚੜਿਆ।

ਉਸ ਨੇ ਰੁੱਖ ਦੀ ਮੋਟੀ ਟਹਿਣੀ ਉਤੇ ਦੋ ਚਾਰ ਵਾਰ ਕੀਤੇ ਅਤੇ ਹੱਥ ਚੋਂ ਕੁਹਾੜੀ ਫਿਸਲ ਜਾਣ ਦਾ ਨਾਟਕ ਕਰਦੇ ਹੋਏ ਨਦੀ ਵਿਚ ਕੁਹਾੜੀ ਸੁੱਟ ਦਿਤੀ। ਫਿਰ ਉਹ ਜ਼ੋਰ-ਜ਼ੋਰ ਦੀ ਰੋਣ ਲੱਗਾ। ਜਲਦੇਵੀ ਉਸ ਦੇ ਸਾਹਮਣੇ ਆਈ ਅਤੇ ਉਸ ਤੋਂ ਰੋਣ ਤਾ ਕਾਰਣ ਪੁੱਛਣ ਲੱਗੀ। ਉਹ ਸਾਰੀਆਂ ਗੱਲਾਂ ਦੱਸ ਕੇ ਰੋਣ ਲੱਗਾ।

ਜਲਦੇਵੀ ਪਿਛਲੀ ਵਾਰ ਦੀ ਤਰ੍ਹਾਂ ਹੀ ਇਕ ਸੋਨੇ ਦੀ ਕੁਹਾੜੀ ਲੈ ਕੇ ਆਈ ਅਤੇ ਪੁੱਛਿਆ - ਕੀ ਇਹ ਕੁਹਾੜੀ ਤੁਹਾਡੀ ਹੈ?

ਸੋਨੇ ਦੀ ਕੁਹਾੜੀ ਵੇਖ ਕੇ ਉਸ ਦੇ ਮੂੰਹ ਤੋਂ ਲਾਰ ਨਿਕਲਣ ਲੱਗੀ – ਉਸ ਨੇ ਕਿਹਾ – ਜੀ ਹਾਂ, ਇਹ ਕੁਹਾੜੀ ਮੇਰੀ ਹੈ।

ਉਸ ਨੂੰ ਝੂਠਾ ਅਤੇ ਲਾਲਚੀ ਵੇਖ ਕੇ ਜਲ ਦੇਵੀ ਬਹੁਤ ਨਾਰਾਜ਼ ਹੋਈ ਅਤੇ ਗੁੱਸੇ ਵਿਚ ਬੋਲੀ - ਤੂੰ ਇਸ ਨੂੰ ਪਾਉਣ ਦਾ ਅਧਿਕਾਰੀ ਨਹੀਂ ਹੈ। ਇਹ ਕਹਿ ਕੇ ਸੋਨੇ ਦੀ ਕੁਹਾੜੀ ਨੂੰ ਨਦੀ ਵਿਚ ਸੁੱਟ ਕੇ ਜਲਦੇਵੀ ਅੰਤਰਧਿਆਨ ਹੋ ਗਈ।

ਸੋਨੇ ਦੀ ਕੁਹਾੜੀ ਦੇ ਲਾਲਚ ਵਿਚ ਉਹ ਆਪਣੀ ਲੋਹੇ ਦੀ ਕੁਹਾੜੀ ਤੋਂ ਵੀ ਹੱਥ ਧੋ ਬੈਠਾ।

ਕਿਸੇ ਨੇ ਸੱਚ ਹੀ ਕਿਹਾ ਹੈ ਕਿ ਲਾਲਚ ਬੁਰੀ ਬਲਾ ਹੈ। ਗਵਾਂਢੀ ਨੂੰ ਉਸ ਦੀ ਕਰਨੀ ਦਾ ਫਲ ਵੀ ਮਿਲ ਗਿਆ।



❑ ਰੂਪਨਾਰਾਇਣ

ਦੂਰ ਹਟਾਉ
ਪੋਲੀਥੀਨ

ਕਰੇ ਪ੍ਰਦੂਸ਼ਣ, ਨਾਲੀਆਂ ਰੋਕੇ,
ਹਲਕਾ ਜ਼ਹਿਰ ਹੈ ਪੋਲੀਥੀਨ।
ਕਪੜੇ ਦਾ ਥੈਲਾ ਅਪਨਾਉ,
ਦੂਰ ਹਟਾਉ ਪੋਲੀਥੀਨ।

ਪਸ਼ੂਆਂ ਦੇ ਜੀਵਨ ਨੂੰ ਖਤਰਾ,
ਆਪਣੇ ਚਾਰੇ ਵਿਚ ਖਾ ਜਾਂਦੇ।
ਪੋਲੀਥੀਨ ਵਿਚ ਬੰਦ ਪਏ ਭੋਜਨ,
ਆਪਣੇ ਆਪ ਹੀ ਗਲ-ਸੜ ਜਾਂਦੇ।

ਕਰੋ ਕਿਨਾਰਾ ਇਸ ਝੰਜਟ ਤੋਂ,
ਬੜੀ ਮੁਸੀਬਤ ਪੋਲੀਥੀਨ।
ਨਾ ਗਲਦਾ ਹੈ, ਸਗੋਂ ਜੰਮ ਜਾਵੇ
ਬੀਮਾਰੀਆਂ ਫੈਲਾਵੇ ਪੋਲੀਥੀਨ।

❒ ਅਮਰਜੀਤ ਚੰਦਰ

ਬੜੇ ਅਦਭੁਤ ਨੇ ਇਹ ਸ਼ਹਿਰ

ਸਾਡੀ ਦੁਨੀਆ ਇਕ ਬਹੁਤ ਹੀ ਅਜੀਬ ਜਗ੍ਹਾ ਹੈ। ਅਸੀਂ ਅਪਣੀ ਆਮ ਜ਼ਿੰਦਗੀ ਵਿਚ ਦਿਨ ਤੇ ਰਾਤ ਦੋਵੇਂ ਹੀ ਦੇਖਦੇ ਹਾਂ, ਅਤੇ ਇਸ ਦੇ ਆਦੀ ਵੀ ਹੋ ਚੁਕੇ ਹਾਂ। ਕੁਦਰਤ ਦਾ ਨਿਯਮ ਹੈ ਤਬਦੀਲੀ, ਦਿਨ ਵੀ ਹੁੰਦਾ ਤੇ ਰਾਤ ਵੀ ਲੇਕਿਨ ਐਸੀ-ਐਸੀ ਜਗ੍ਹਾ ਵੀ ਹੈ ਜਿਥੇ ਰਾਤ ਹੁੰਦੀ ਨਹੀਂ ਹੈ ਸਿਰਫ ਦਿਨ ਹੀ ਰਹਿੰਦਾ ਹੈ। ਪਰ ਥੋੜੇ ਸਮੇਂ ਲਈ ਇਸ ਤਰ੍ਹਾਂ ਸੋਚ ਕੇ ਦੇਖੋ ਕਿ ਇਸ ਤਰ੍ਹਾਂ ਹੋ ਜਾਵੇ ਤਾਂ ਕੀ ਹੋਵੇਗਾ। ਕੁਦਰਤ ਐਸਾ ਨਾ ਕਰੇ !

ਅੱਜ ਤੁਹਾਨੂੰ ਕੁਝ ਐਸੀ ਜਾਣਕਾਰੀ ਦੇ ਰਿਹਾ ਹਾਂ ਕਿ ਤੁਸੀਂ ਵੀ ਸੋਚ ਕੇ ਹੈਰਾਨ ਰਹਿ ਜਾਵੋਗੇ।

ਫਿਨਲੈਂਡ – ਕਈ ਝੀਲਾਂ ਅਤੇ ਆਈਲੈਂਡਸ ਨਾਲ ਸਜਿਆ ਇਹ ਸ਼ਹਿਰ ਬਹੁਤ ਹੀ ਸੁੰਦਰ ਅਤੇ ਦਿਲਕਸ਼ ਹੈ। ਗਰਮੀਆਂ ਦੇ ਮੌਸਮ ਵਿਚ ਇਥੇ ਤਕਰੀਬਨ 73 ਦਿਨ ਲਗਾਤਾਰ ਸੂਰਜ ਆਪਣੀ ਰੋਸ਼ਨੀ ਬਖੇਰਦਾ ਫਿਰਦਾ ਰਹਿੰਦਾ ਹੈ।

ਅਲਾਸਕਾ – ਅਲਾਸਕਾ ਆਪਣੇ ਖੂਬਸੂਰਤ ਗਲੇਸ਼ੀਅਰ ਕਰਕੇ ਹੀ ਜਾਣਿਆ ਜਾਂਦਾ ਹੈ। ਏਥੇ ਮਈ ਤੋਂ ਜੁਲਾਈ ਤਕ ਤਕਰੀਬਨ 1440 ਘੰਟੇ ਇਕ ਹੀ ਦਿਨ ਰਹਿੰਦਾ ਹੈ। ਉਸ ਦੌਰਾਨ ਸੂਰਜ ਛਿੱਪਦਾ ਹੀ ਨਹੀਂ ਹੈ।

ਆਈਸਲੈਂਡ – ਇਹ ਗ੍ਰੇਟ ਬਰਤਾਨੀਆਂ ਤੋਂ ਬਾਅਦ ਯੂਰਪ ਦਾ ਸਭ ਤੋਂ ਵੱਡਾ ਆਈਸਲੈਂਡ ਹੈ। ਇਥੇ ਮਈ ਦੇ ਸ਼ੁਰੂ ਤੋਂ ਲੈ ਕੇ ਜੁਲਾਈ ਦੇ ਅਖੀਰ ਤਕ ਸੂਰਜ ਛਿਪਦਾ ਹੀ ਨਹੀਂ ਹੈ। ਬਾਕੀ ਗਰਮੀਆਂ ਦੇ ਦੌਰਾਨ ਸੂਰਜ ਅੱਧੀ ਰਾਤ ਵੇਲੇ ਛੁਪ ਜਾਂਦਾ ਹੈ ਅਤੇ ਤੜਕੇ ਤਿੰਨ ਵਜ਼ੇ ਸੂਰਜ ਨਿਕਲ ਆਉਂਦਾ ਹੈ। ਇਸ ਤੋਂ ਭਾਵ ਹੈ ਕਿ ਕੇਵਲ ਤਿੰਨ ਘੰਟੇ ਹੀ ਰਾਤ ਹੁੰਦੀ ਹੈ।

ਕਨੇਡਾ – ਦੁਨੀਆਂ ਦਾ ਇਹ ਖੂਬਸੂਰਤ ਦੇਸ਼ ਸਾਲ ਭਰ ਬਰਫ ਵਿਚ ਲੁਕਿਆ ਰਹਿੰਦਾ ਹੈ ਅਤੇ ਗਰਮੀਆਂ ਵਿਚ ਲਗਾਤਾਰ 50 ਦਿਨਾਂ ਤਕ ਇਥੇ ਸੂਰਜ ਨਿਕਲਿਆ ਰਹਿੰਦਾ ਹੈ।

ਨਾਰਵੇ – ਇਹ ਆਰਕਟਿਕ ਘੇਰੇ ਦੇ ਅੰਦਰ ਆਉਂਦਾ ਹੈ ਇਸ ਦੇਸ਼ ਨੂੰ ਅੱਧੀ ਰਾਤ ਦਾ ਦੇਸ਼ ਵੀ ਕਿਹਾ ਜਾਂਦਾ ਹੈ। ਇਸ ਦੇ ਨਾਲ ਹੀ ਇਕ ਦਿਲਚਸਪ ਗੱਲ ਹੈ ਕਿ ਇਸ ਦੇਸ਼ ਦੇ ਅੰਦਰ ਇਕ ਐਸੀ ਜਗ੍ਹਾ ਵੀ ਹੈ ਜਿਥੇ ਪਿਛਲੇ ਸੌ ਸਾਲਾਂ ਤੋਂ ਸੂਰਜ ਨਿਕਲਿਆ ਹੀ ਨਹੀਂ ਹੈ।

❒ ਅਸ਼ੋਕ ਬ੍ਰਾਹਮਣਮਾਜਰਾ

ਮਾਂ

ਉਂਗਲੀ ਫੜ ਕੇ ਤੁਰਨਾਂ ਮੈਨੂੰ ਸਿਖਾਇਆ ਮਾਂ।
ਆਪ ਗਿੱਲੀ ਥਾਂ ਮੈਨੂੰ ਸੁੱਕੇ ਥਾਂ ਪਾਇਆ ਮਾਂ।

ਸੋਝੀ ਨਾ ਸੀ ਕੋਈ ਤੇਰਾ ਹਾਂ ਕਰਜ਼ਦਾਰ।
ਪਾਕ-ਪਵਿੱਤਰ ਰਿਸ਼ਤਾ ਤੇਰਾ ਵਿੱਚ ਸੰਸਾਰ।
ਤੇਰੀ ਨਿੱਘੀ ਬੁੱਕਲ ਨੂੰ ਨਾ ਜਾਵੇ ਭੁਲਾਇਆ ਮਾਂ।
ਉਂਗਲੀ ਫੜ ਕੇ.....

ਤੇਰੀਆਂ ਲੋਰੀਆਂ ਮਿੱਠੀਆਂ,ਕਦਰ ਕਰਾਂ ਜਜਬਾਤਾਂ ਦੀ।
ਬਚਪਨ ਵਿਚ ਸੁਣਾਈਆਂ ਤੇਰੀਆਂ ਮਿੱਠੀਆਂ ਬਾਤਾਂ ਦੀ।
ਤੇਰੀ ਮਮਤਾ ਦਾ ਕਰਜ਼ ਨਾ ਜਾਵੇ ਚੁਕਾਇਆ ਮਾਂ।
ਉਂਗਲੀ ਫੜ ਕੇ.....

ਵਜੂਦ ਮੇਰਾ ਵਿੱਚ ਦੁਨੀਆ ਤੇਰੀ ਠੰਡੜੀ ਛਾਂ ਕਰਕੇ।
ਤੇਰਾ ਇਸ਼ਕ ਹਕੀਕੀ ਮੇਰੀ ਜਿੰਦਗੀ ਦੇ ਹਰ ਵਰਕੇ।
ਜਿਗਰ ਦਾ ਟੁਕੜਾ ਕਹਿ ਕੇ ਮੈਨੂੰ ਤੂੰ ਬੁਲਾਇਆ ਮਾਂ।
ਉਂਗਲੀ ਫੜ ਕੇ.....

ਮਿਸ਼ਰੀ ਤੋਂ ਵੀ ਮਿੱਠੜੇ ਤੇਰੇ ਭੋਲੇ-ਭਾਲੇ ਬੋਲ।
ਨਜ਼ਰਾਂ ਤੋਂ ਕਦੇ ਦੂਰ ਨਾ ਕੀਤਾ ਰੱਖਿਆ ਆਪਣੇ ਕੋਲ।
ਆਪਣੇ ਦੁਖੜੇ ਵੇਲੇ ਵੀ ਮੈਨੂੰ ਤੂੰ ਹਸਾਇਆ ਮਾਂ।
ਉਂਗਲੀ ਫੜ ਕੇ....

ਰੋਮ-ਰੋਮ ਮੇਰਾ ਸਜਦਾ ਕਰਦੈ ਤੇਰੇ ਅਨੋਖੇ ਪਿਆਰ ਨੂੰ।
ਸਵਰਗਾਂ ਵਰਗੀ ਥਾਂ ਦਿੱਤੀ ਮੇਰੀ ਜਿੰਦਗੀ ਲਾਚਾਰ ਨੂੰ।
ਵਕਤ ਦੀਆਂ ਬੁਰੀਆਂ ਮਾਰਾਂ ਤੋਂ ਮੈਨੂੰ ਸਦਾ ਬਚਾਇਆ ਮਾਂ।
ਉਂਗਲੀ ਫੜ ਕੇ....

ਅਗਸਤ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

ਪਹਿਲਾ ਨੰ :

ਸ਼ਿਵਪ੍ਰੀਤ ਸਿੰਘ
(ਉਮਰ 8 ਸਾਲ)
ਪਿੰਡ - ਅਮਰਾਲੀ
ਡਾਕਖਾਨਾ - ਲੁਥੇਰੀ
ਜਿਲਾ - ਰੋਪੜ
(ਪੰਜਾਬ)

ਦੂਸਰਾ ਨੰ :

ਨਿਰਮਿਤ ਅਹੂਜਾ
(ਉਮਰ 12 ਸਾਲ)
ਹਾਊਸ ਨੰ. 52, ਗਲੀ ਨੰ - 1
ਬਾਲਾ ਜੀ ਕਲੋਨੀ
ਫਰੀਦਕੋਟ (ਪੰਜਾਬ)

ਤੀਸਰਾ ਨੰ :

ਮਾਨਸੀ
(ਉਮਰ 9 ਸਾਲ)
ਹਾਊਸ ਨੰ : 17,
ਗਲੀ ਨੰ - 1, ਪ੍ਰਧਾਨ ਮਾਰਕੀਟ
ਨਿਰੰਕਾਰੀ ਕਾਲੋਨੀ
ਦਿਲੀ - 9

ਪਸੰਦ ਕੀਤੇ ਗਏ -

ਸੁਖਪ੍ਰੀਤ ਸਿੰਘ (ਮਾਨਸਾ)
ਸੁਨੀਤਾ (ਨਵਾਂ ਸ਼ਹਿਰ)
ਨਿਤਿਨ ਕੰਡਾ (ਤਲਵੰਡੀ ਭਾਈ)
ਭੱਵਿਤਾ (ਚਵਿੰਡਾ ਦੇਵੀ)
ਗੁਰਮੁਖ ਨੂਰ (ਅੰਮ੍ਰਿਤਸਰ)
ਪਰਵੀਨ ਕੌਰ (ਨਾਨਕ ਨਗਰੀ)
ਨਿਹਾਰਿਕਾ ਕੰਡਾ (ਤਲਵੰਡੀ ਭਾਈ)
ਜਸਜੋਤ ਕੌਰ (ਕਰਤਾਰ ਨਗਰ)
ਸ਼ੁੱਭਮ (ਪੁਰ ਹੀਰਾਂ)
ਅਸ਼ਰਿਤ ਖੁਰਾਨਾ (ਜਲੰਧਰ)
ਸਾਹਿਲ ਸੇਠੀ (ਤਲਵੰਡੀ ਭਾਈ)
ਨਵਜੀਤ (ਲਾਂਡਰਾਂ)
ਅਰਸ਼ਦੀਪ ਕੌਰ (ਸੁਲਰ)
ਜਗਨੂਰ ਸਿੰਘ (ਅੰਮ੍ਰਿਤਸਰ)
ਰਾਣੀ (ਦਿੱਲੀ)
ਸਿਮਰਨ ਕੌਰ (ਧਰਮਪੁਰਾ)

ਸਤੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਸਾਹਮਣੇ ਵਾਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਅਕਤੂਬਰ 2017 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਦਸੰਬਰ 2017 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

ਰੰਗ ਭਰੋ

ਨਾਂ .....ਉਮਰ.....

ਪੂਰਾ ਪਤਾ.....

.....

.....

ਚਿੜੀ ਦਾ ਆਲ੍ਹਣਾ

ਇਕ ਪਿੰਡ ਵਿਚ ਇਕ ਗਰੀਬ ਬ੍ਰਾਹਮਣ ਰਹਿੰਦਾ ਸੀ। ਉਹ ਲੋਕਾਂ ਦੇ ਘਰੋਂ ਪੂਜਾ ਦਾ ਧਨ ਲੈ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦਾ ਸੀ। ਉਹ ਰੱਬ ਦੇ ਨਾਂ ਉਤੇ ਸਭ ਤੋਂ ਤਰ੍ਹਾਂ ਤਰ੍ਹਾਂ ਦਾ ਦਾਨ ਲੈਂਦਾ ਜ਼ਰੂਰ ਸੀ ਪਰ ਆਪ ਹੱਥੋਂ ਕੋਈ ਦਾਨ ਨਹੀਂ ਸੀ ਕਰਦਾ । ਕਥਾ-ਕਹਾਣੀਆਂ ਸੁਣਾ ਕੇ ਉਹ ਆਪਣੇ ਆਪ ਨੂੰ ਬਹੁਤ ਗੁਣਵਾਨ ਸਮਝਦਾ ਸੀ। ਗੀਤਾ ਦਾ ਪਾਠ ਕਰਨਾ ਅਤੇ ਹੋ ਚੁੱਕੇ ਗੁਰੂ ਪੀਰਾਂ ਦੀਆਂ ਸਾਖੀਆਂ ਸੁਣਾਉਣਾ ਹੀ ਉਸ ਦੀ ਰੋਜੀ-ਰੋਟੀ ਦਾ ਸਾਧਨ ਸੀ। ਰੋਜ਼-ਰੋਜ਼ ਉਹੀ ਕਥਾ ਕਹਾਣੀਆਂ ਸੁਣ ਕੇ ਲੋਕ ਉਸ ਤੋਂ ਕਿਨਾਰਾ ਕਰਨ ਲੱਗ ਪਏ ਸਨ। ਹਾਲਾਤ ਐਨੇ ਖਰਾਬ ਹੋਣ ਲੱਗ ਪਏ ਸਨ ਕਿ ਸਾਰਾ ਪਰਿਵਾਰ ਕਈ ਕਈ ਦਿਨ ਭੁੱਖਾ ਹੀ ਰਹਿੰਦਾ। ਨਿੱਕੇ-ਨਿੱਕੇ ਬੱਚਿਆਂ ਉਤੇ ਵੀ ਕੋਈ ਤਰਸ ਨਹੀਂ ਸੀ ਖਾਂਦਾ।

ਬ੍ਰਾਹਮਣ ਦੇ ਘਰ ਇਕ ਚਿੜੀ ਤੇ ਚਿੜਾ ਆਲ੍ਹਣਾ ਬਣਾ ਕੇ ਰਹਿੰਦੇ ਸਨ। ਚਿੜੀ ਤੇ ਚਿੜਾ ਪਹਿਲੇ ਜਨਮ ਵਿਚ ਇਨਸਾਨ ਦੀ ਜੂਨੀ ਵਿਚ ਸਨ। ਉਹਨਾਂ ਨੂੰ ਆਪਣੇ ਪਹਿਲੇ ਜਨਮ ਬਾਰੇ ਪੂਰਾ ਗਿਆਨ ਸੀ। ਉਹ ਗੁਰੂ ਘਰ ਦੀ ਸੇਵਾ ਕਰਦੇ ਸਨ ਪਰ ਕਿਸੇ ਆਪਣੀ ਹੀ ਗਲਤੀ ਕਰਕੇ ਇਸ ਜੂਨ ਨੂੰ ਪ੍ਰਾਪਤ ਹੋਏ ਸਨ। ਉਹ ਗੁਰੂ ਘਰ ਦੇ ਚੰਗੇ ਸਿੱਖ ਸਨ ਪਰ ਹੱਥੀਂ ਕਿਸੇ ਸੰਤ ਮਹਾਪੁਰਸ਼ ਦੀ ਸੇਵਾ ਨਹੀਂ ਸੀ ਕੀਤੀ, ਨਾ ਕਿਸੇ ਸੰਤ ਨੂੰ ਰੋਟੀ-ਪਾਣੀ ਛਕਾਇਆ ਸੀ ਸਗੋਂ ਆਪ ਸਿੱਖਾਂ ਦੇ ਘਰੋਂ ਚੰਗੇ ਪਕਵਾਨ ਖਾ ਕੇ ਬਹੁਤ ਖੁਸ਼ ਹੁੰਦੇ ਸਨ।

ਇਹੋ ਹਾਲਤ ਗਰੀਬ ਬ੍ਰਾਹਮਣ ਦੀ ਸੀ। ਉਹ ਪੂਜਾ ਦਾ ਧਨ ਤਾਂ ਲੈ ਆਉਂਦਾ ਪਰ ਆਪ ਕਦੀ ਕਿਸੇ ਨੂੰ ਭੋਜਨ ਤੱਕ ਨਹੀਂ ਸੀ ਕਰਾਇਆ। ਚਿੜੀ ਅਤੇ ਚਿੜੇ ਨੂੰ ਉਹਨਾਂ ਦੇ ਪ੍ਰੀਵਾਰ ਉਤੇ ਤਰਸ ਆ ਗਿਆ। ਉਹ ਬ੍ਰਾਹਮਣ ਦੇ ਘਰੋਂ ਰੋਟੀ, ਚਾਵਲ, ਦਾਲ ਜਾਂ ਕੋਈ ਹੋਰ ਪਦਾਰਥ ਜੋ ਵੀ ਬ੍ਰਾਹਮਣ ਦੇ ਘਰ ਹੁੰਦਾ ਆਪਣੀ ਚੁੰਝ ਨਾਲ ਉਠਾ ਕੇ ਸੰਤਾਂ ਮਹਾਪੁਰਸ਼ਾ ਦੇ ਲੰਗਰ ਵਿਚ ਪਾ ਦਿੰਦੇ। ਬ੍ਰਾਹਮਣ ਨੇ ਪੂਜਾ ਪਾਠ ਬੰਦ ਕਰ ਦਿੱਤਾ ਸੀ। ਉਹ ਲੋਕਾਂ ਦੇ ਘਰਾਂ ਵਿਚ ਨਹੀਂ ਸੀ ਜਾਂਦਾ। ਸਗੋਂ ਮਿਹਨਤ ਮਜ਼ਦੂਰੀ ਕਰਦਾ। ਜੋ ਕੁਝ ਮਿਲਦਾ ਉਨ੍ਹਾਂ ਪੈਸਿਆਂ ਦਾ ਆਪਣੇ ਪ੍ਰੀਵਾਰ ਵਾਸਤੇ ਖਾਣ ਲਈ ਲੈ ਆਉਂਦਾ। ਜਿਉਂ-ਜਿਉਂ ਚਿੜੀ ਤੇ ਚਿੜੇ ਦੁਆਰਾ ਉਸ ਦੀ ਸੇਵਾ ਗੁਰੂ ਘਰ ਵਿਚ ਲੱਗਦੀ ਗਈ ਉਹ ਅਮੀਰ ਹੁੰਦਾ ਗਿਆ। ਹੁਣ ਉਸ ਦੇ ਪਾਸ ਕਾਫੀ ਪੈਸਾ ਆਉਣਾ ਸ਼ੁਰੂ ਹੋ ਗਿਆ। ਉਸ ਨੇ ਆਪਣਾ

ਢਾਰਾ ਛੱਡ ਕੇ ਬਹੁਤ ਸੋਹਣਾ ਘਰ ਬਣਾ ਲਿਆ। ਹੁਣ ਉਸ ਨੂੰ ਆਪਣੀ ਕਰਨੀ ਉਤੇ ਮਾਣ ਵੀ ਆਉਣ ਲੱਗ ਪਿਆ। ਲੋਕਾਂ ਨੂੰ ਕਹਿੰਦਾ ਇਹ ਸਭ ਮੇਰੀ ਮਿਹਨਤ ਦਾ ਫਲ ਹੈ। ਇਨ੍ਹਾਂ ਕੁਝ ਹੋਣ ਉਤੇ ਵੀ ਉਹ ਕਿਸੇ ਨੂੰ ਦਾਨ ਨਾ ਕਰਦਾ। ਪਰ ਚਿੜੀ ਤੇ ਚਿੜਾ ਨਿਰੰਤਰ ਉਸ ਦੀ ਸੇਵਾ ਗੁਰੂ ਘਰ ਵਿਚ ਲੰਗਰ ਦੇ ਰੂਪ ਵਿਚ ਕਰਦੇ ਰਹੇ। ਬ੍ਰਾਹਮਣ ਨੇ ਆਪਣਾ ਪੁਰਾਣਾ ਢਾਰਾ ਨਹੀਂ ਸੀ ਢਾਹਿਆ। ਜਿਸ ਵਿਚ ਚਿੜੀ ਤੇ ਚਿੜੇ ਦਾ ਆਲ੍ਹਣਾ ਸੀ। ਸ਼ਾਇਦ ਉਹ ਆਪਣੀ ਔਕਾਤ ਨੂੰ ਨਹੀਂ ਸੀ ਭੁੱਲਿਆ। ਇਕ ਦਿਨ ਚਿੜੀ ਤੇ ਚਿੜਾ ਬਾਹਰ ਗਏ ਹੋਏ ਸਨ। ਠੰਡੀ-ਠੰਡੀ ਹਵਾ ਚਲ ਰਹੀ ਸੀ। ਬ੍ਰਾਹਮਣ ਢਾਰੇ ਵਿਚ ਟਹਿਲ ਰਿਹਾ ਸੀ। ਉਸ ਨੂੰ ਪੁਰਾਣੇ ਦਿਨਾਂ ਦੀ ਯਾਦ ਆ ਰਹੀ ਸੀ। ਉਸ ਉਤੇ ਇਕ ਤਿਨਕਾ ਆਲ੍ਹਣੇ ਚੋਂ ਡਿੱਗ ਪਿਆ। ਉਸ ਨੇ ਢਾਰੇ ਦੀ ਛੱਤ ਵੱਲ ਦੇਖਿਆ। ਚਿੜੀ ਦਾ ਆਲ੍ਹਣਾ ਵੇਖ ਕੇ ਉਸ ਨੂੰ ਕਰੋਧ ਆ ਗਿਆ। ਉਸ ਨੇ ਉਸੇ ਵਕਤ ਚਿੜੀ ਦਾ ਆਲ੍ਹਣਾ ਢਾਹ ਦਿੱਤਾ। ਜਦੋਂ ਚਿੜੀ ਅਤੇ ਚਿੜਾ ਵਾਪਸ ਆਏ ਤਾਂ ਆਪਣਾ ਆਲ੍ਹਣਾ ਢੱਠਾ ਵੇਖ ਕੇ ਬਹੁਤ ਦੁਖੀ ਹੋਏ। ਉਹ ਘਰ ਨੂੰ ਛੱਡ ਕੇ ਕਿਸੇ ਹੋਰ ਜਗ੍ਹਾ ਚਲੇ ਗਏ। ਹੁਣ ਬ੍ਰਾਹਮਣ ਹੌਲੀ-ਹੌਲੀ ਗਰੀਬ ਹੋਣਾ ਸ਼ੁਰੂ ਹੋ ਗਿਆ। ਉਸ ਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਨੇ ਘੇਰ ਲਿਆ। ਘਰ ਵੀ ਵਿਕ ਗਿਆ। ਬ੍ਰਾਹਮਣ ਫਿਰ ਸੋਹਣੇ ਘਰ ਤੋਂ ਢਾਰੇ ਵਿਚ ਆ ਗਿਆ ਕਿਉਂਕਿ ਚਿੜੀ ਦਾ ਆਲ੍ਹਣਾ ਢਾਉਣ ਕਰਕੇ ਹੁਣ ਉਸ ਦੀ ਸੇਵਾ ਗੁਰੂ ਘਰ ਵਿਚ ਨਹੀਂ ਪਹੁੰਚਦੀ ਸੀ। ਉਹ ਫਿਰ ਪਹਿਲਾਂ ਵਾਂਗ ਗਰੀਬ ਹੋ ਗਿਆ।

ਪਿਆਰੇ ਬੱਚਿਉ ! ਇਸ ਕਹਾਣੀ ਤੋਂ ਸਾਨੂੰ ਇਹ ਸਿਖਿਆ ਮਿਲਦੀ ਹੈ ਕਿ ਸਾਨੂੰ ਆਪਣੀ ਕਮਾਈ ਵਿਚੋਂ ਜਿੰਨੀ ਹੋ ਸਕੇ ਗੁਰੂ ਘਰ ਦੀ ਸੇਵਾ ਕਰਦੇ ਰਹਿਣਾ ਚਾਹੀਦਾ ਹੈ। ਅਸੀਂ ਕਿਤੇ ਆਪਣੀ ਸੇਵਾ ਕਰਾਉਣ ਵਾਲੇ ਨਾ ਬਣ ਜਾਈਏ।

❒ ਡਾ. ਵਿਨੋਦ ਗੁਪਤਾ

ਇਸ਼ਾਰਿਆਂ ਤੇ ਨੱਚਦੇ ਊਠ

ਰਾਜਸਥਾਨ ਦੇ ਬੀਕਾਨੇਰ ਵਿਚ ਹਰ ਸਾਲ ਤਿੰਨ ਦਿਵਸੀ ਊਠ ਉਤਸਵ ਮਨਾਇਆ ਜਾਂਦਾ ਹੈ ਜਿਸ ਦਾ ਮਕਸਦ ਰੇਗਿਸਤਾਨ ਦਾ ਜਹਾਜ਼ ਸਮਝਣ ਵਾਲੇ ਊਠ ਦੀਆਂ ਖੂਬੀਆਂ ਨੂੰ ਦਰਸ਼ਕਾਂ ਸਾਹਮਣੇ ਰੱਖਣਾ ਹੈ। ਇਸ ਉਤਸਵ ਵਿਚ ਸੈਂਕੜੇ ਦੀ ਸੰਖਿਆ ਵਿਚ ਵਿਦੇਸ਼ੀ ਵੀ ਹਿੱਸਾ ਲੈਂਦੇ ਹਨ। ਇਸ ਊਠ ਮਹਾਉਤਸਵ ਦੀ ਸ਼ੁਰੂਆਤ ਬੀਕਾਨੇਰ ਦੇ ਪ੍ਰਸਿੱਧ ਜੂਨਾਗੜ ਕਿਲੇ ਤੋਂ ਸੁੰਦਰ ਢੰਗ ਨਾਲ ਸਜਾਏ ਗਏ ਊਠਾਂ ਦੀ ਨਿਕਲਣ ਵਾਲੀ ਸ਼ੋਭਾਯਾਤਰਾ ਤੋਂ ਹੁੰਦੀ ਹੈ। ਇਸ ਵਿਚ ਊਠਾਂ ਦੇ ਮਾਲਿਕ ਆਪਣੇ ਊਠਾਂ ਨੂੰ ਕਈ ਰੰਗ ਬਿਰੰਗੇ, ਸ਼ੀਸ਼ੇ ਅਤੇ ਰੇਸ਼ਮ ਤੋਂ ਬਣੇ ਕਪੜੇ, ਫੁੱਲਾਂ ਅਤੇ ਬਾਕੀ ਹੋਰ ਸਜਾਵਟੀ ਵਸਤੂਆਂ ਨਾਲ ਸਜਾਂਦੇ ਹਨ। ਊਠ ਆਪਣੇ ਮਾਲਿਕ ਦੇ ਇਸ਼ਾਰਿਆਂ ਤੇ ਨੱਚਣਾਂ ਸ਼ੁਰੂ ਕਰਦੇ ਹਨ ਅਤੇ ਸੜਕਾਂ ਤੇ ਤੁਰਦੇ ਹੋਏ ਇਸ ਤਰ੍ਹਾਂ ਠੁਮਕੇ ਲਗਾਉਂਦੇ ਹਨ ਕਿ ਪੁੱਛੋ ਨਾਂ। ਇਹਨਾਂ ਥਿਰਕਦੇ ਊਠਾਂ ਨੂੰ ਵੇਖ ਕੇ ਵਿਦੇਸ਼ੀ ਮੁਸਾਫਰ ਹੈਰਾਨ ਅਤੇ ਰੋਮਾਂਚਿਕ ਹੋ ਜਾਂਦੇ ਹਨ।

ਊਠਾਂ ਦਾ ਨੱਚਣਾ ਵੇਖਦੇ ਹੀ ਬਣਦਾ ਹੈ। ਢੋਲ ਦੀ ਆਵਾਜ਼ ਤੇ ਜਦੋਂ ਇਹ ਠੁਮਕ-ਠੁਮਕ ਕੇ ਨੱਚਦੇ ਹਨ ਤਾਂ ਸਭ ਦਰਸ਼ਕ ਹੈਰਾਨ ਹੋ ਜਾਂਦੇ ਹਨ। ਟਰੇਨਿੰਗ ਪ੍ਰਾਪਤ ਊਠ ਸ਼ਾਦੀ-ਵਿਆਹ ਅਤੇ ਤਿਉਹਾਰਾਂ ਦੀ ਸ਼ਾਨ ਹੁੰਦੇ ਹਨ। ਲੋਕੀਂ ਉਚੀ ਕੀਮਤ ਦੇ ਕੇ ਇਹਨਾਂ ਤਿਉਹਾਰਾਂ ਤੇ ਊਠ ਨੂੰ ਸੱਜਣ ਅਤੇ ਕਰਤਬ ਦਿਖਾਉਣ ਲਈ ਬੁਲਾਉਂਦੇ ਹਨ। ਊਠ ਨੂੰ ਨੱਚਣਾਂ ਸਿਖਾਉਣਾ ਕੋਈ ਅਸਾਨ ਗੱਲ ਨਹੀਂ ਹੈ। ਆਮਤੌਰ ਤੇ ਬਲੋਚ ਜਾਤੀ ਦੇ ਲੋਕ ਇਸ ਕਲਾ ਵਿਚ ਮਾਹਿਰ ਹੁੰਦੇ ਹਨ।



ਬਾਲ ਕਹਾਣੀ - ਸ਼ਮਸ਼ੇਰ ਸਿੰਘ ਸੋਹੀ

ਹਾਥੀ ਤੇ ਚੂਹਿਆਂ ਦੀ ਗੂੜ੍ਹੀ ਦੋਸਤੀ

ਹਾਥੀਆਂ ਦੇ ਝੁੰਡ ਦਾ ਜੰਗਲ ਵਿਚੋਂ ਲੰਘਣ ਦਾ ਰਸਤਾ ਸੀ। ਇਸ ਜੰਗਲ ਵਿਚ ਬਹੁਤ ਸਾਰੇ ਚੂਹੇ ਵੀ ਰਹਿੰਦੇ ਸਨ। ਇਕ ਦਿਨ ਜਦੋਂ ਵੱਡੇ-ਵੱਡੇ ਹਾਥੀ ਲੰਘੇ ਤਾਂ ਉਹਨਾਂ ਦੇ ਪੈਰਾਂ ਹੇਠ ਆ ਕੇ ਕਈ ਚੂਹੇ ਮਾਰੇ ਗਏ ਤੇ ਕਈ ਜ਼ਖਮੀ ਹੋ ਗਏ।ਪਹਿਲਾਂ ਚੂਹਿਆਂ ਤੇ ਅਜਿਹੀ ਆਫਤ ਕਦੇ ਨਹੀਂ ਆਈ ਸੀ। ਕਈ ਸਿਆਣੇ ਚੂਹਿਆਂ ਨੇ ਜ਼ਖਮੀ ਚੂਹਿਆਂ ਦਾ ਇਲਾਜ ਕਰਵਾਇਆ ਅਤੇ ਅੱਗੇ ਤੋਂ ਇਸ ਆਫਤ ਤੋਂ ਬਚਾਅ ਲਈ ਕੋਈ ਉਪਾਅ ਲੱਭਣ ਲਈ ਮੀਟਿੰਗ ਬੁਲਾਈ। ਕਾਫੀ ਸਮਾਂ ਚੱਲੀ ਇਸ ਮੀਟਿੰਗ ਤੋਂ ਬਾਅਦ ਇਕ ਬੁੱਢੇ ਚੂਹੇ ਨੇ ਕਿਹਾ - ਸਾਨੂੰ ਹਾਥੀਆਂ ਦੇ ਰਾਜੇ ਕੋਲ ਜਾ ਕੇ ਇਸ ਘਟਨਾ ਬਾਰੇ ਦੱਸਣਾ ਚਾਹੀਦਾ ਹੈ। ਬੁੱਢੇ ਚੂਹੇ ਦੀ ਗੱਲ ਮੰਨ ਲਈ ਗਈ। ਕੁਝ ਮੋਹਤਬਰ ਚੂਹੇ ਲੰਮਾ ਸਫਰ ਤੈਅ ਕਰ ਕੇ ਹਾਥੀਆਂ ਦੇ ਰਾਜੇ ਕੋਲ ਗਏ ਤੇ ਬੇਨਤੀ ਕੀਤਾ - ਮਹਾਰਾਜ ਤੁਸੀਂ ਤਾਕਤਵਰ ਹੋ। ਜਦੋਂ ਤੁਹਾਡੇ ਸਾਥੀ ਜੰਗਲ ਵਿਚੋਂ ਲੰਘਦੇ ਹਨ ਤਾਂ ਸਾਡਾ ਬਹੁਤ ਨੁਕਸਾਨ ਹੋ ਜਾਂਦਾ ਹੈ। ਹਾਥੀਆਂ ਦੇ ਪੈਰਾਂ ਥੱਲੇ ਆ ਜਾਣ ਨਾਲ ਅਸੀਂ ਛੋਟੇ ਹੋਣ ਕਰ ਕੇ ਮਾਰੇ ਜਾ ਰਹੇ ਹਾਂ। ਅੱਗੇ ਤੋਂ ਤੁਸੀਂ ਕਿਸੇ ਹੋਰ ਰਸਤੇ ਜਾਇਉ ਤਾਂਕਿ ਸਾਡੇ ਸਾਥੀ ਚੂਹਿਆਂ ਦਾ ਕੋਈ ਨੁਕਸਾਨ ਨਾ ਹੋਵੇ। ਹਾਥੀਆਂ ਦੇ ਰਾਜੇ ਨੇ ਚੂਹਿਆਂ ਦੀ ਗੱਲ ਮੰਨ ਲਈ ਤੇ ਉਨ੍ਹਾਂ ਨਾਲ ਦੋਸਤੀ ਵੀ ਕਰ ਲਈ।

ਸਮਾਂ ਬੀਤਦਾ ਗਿਆ ਤੇ ਹਾਥੀਆਂ ਤੇ

ਚੂਹਿਆਂ ਦੀ ਦੋਸਤੀ ਗੂੜ੍ਹੀ ਹੁੰਦੀ ਗਈ। ਲਾਗਲੇ ਸ਼ਹਿਰ ਦੇ ਰਾਜੇ ਨੇ ਜੰਗਲੀ ਹਾਥੀ ਫੜਨ ਲਈ ਆਪਣੇ ਕਈ ਆਦਮੀ ਭੇਜੇ ਹੋਏ ਸਨ। ਉਹਨਾਂ ਨੇ ਜੰਗਲ ਤੋਂ ਬਾਹਰ ਵਾਲੇ ਰਸਤੇ ਤੇ ਕਈ ਵੱਡੇ-ਵੱਡੇ ਟੋਏ ਪੁੱਟੇ ਹੋਏ ਸਨ ਅਤੇ ਉਹਨਾਂ ਨੂੰ ਦਰਖਤਾਂ ਦੀਆਂ ਟਹਿਣੀਆਂ ਅਤੇ ਪੱਤਿਆਂ ਨਾਲ ਢਕਿਆ ਹੋਇਆ ਸੀ ਤਾਂਕਿ ਹਾਥੀ ਵਿਚ ਡਿੱਗ ਕੇ ਫਸ ਜਾਣ।

ਇਕ ਦਿਨ ਜਦੋਂ ਸਾਰੇ ਹਾਥੀ ਘੁੰਮਦੇ-ਫਿਰਦੇ ਜੰਗਲ ਤੋਂ ਬਾਹਰ ਨਿਕਲੇ ਤਾਂ ਰਾਜੇ ਦੇ ਆਦਮੀਆਂ ਦੁਆਰਾ ਪੁੱਟੇ ਹੋਏ ਟੋਇਆਂ ਵਿਚ ਕਈ ਹਾਥੀ ਡਿੱਗ ਕੇ ਬੁਰੀ ਤਰ੍ਹਾਂ ਨਾਲ ਫਸ ਗਏ। ਉਨ੍ਹਾਂ ਨੇ ਬਾਹਰ ਨਿਕਲਣ ਦੀ ਬੜੀ ਕੋਸ਼ਿਸ਼ ਕੀਤੀ ਪਰ ਨਿਕਲ ਨਹੀਂ ਸਕੇ। ਫਿਰ ਰਾਜੇ ਦੇ ਆਦਮੀਆਂ ਨੇ ਹਾਥੀਆਂ ਨੂੰ ਟੋਇਆ ਵਿਚੋਂ ਕੱਢਵਾ ਕੇ ਰੱਸੀਆਂ ਨਾਲ ਬੰਨ ਦਿੱਤਾ। ਇਸ ਬਾਰੇ ਸੂਚਨਾ ਦੇਣ ਲਈ ਸਾਰੇ ਆਦਮੀ ਵਾਪਸ ਰਾਜੇ ਦੇ ਦਰਬਾਰ ਲਈ ਰਵਾਨਾ ਹੋ ਗਏ। ਰੱਸੀਆਂ ਨਾਲ ਬੰਨੇ ਜੰਗਲੀ ਹਾਥੀਆਂ ਨੂੰ ਵੇਖ ਕੇ ਹਾਥੀਆਂ ਦਾ ਰਾਜਾ ਬਹੁਤ ਪਰੇਸ਼ਾਨ ਹੋਇਆ। ਉਸ ਨੇ ਇਸ ਗੱਲ ਨੂੰ ਚੂਹਿਆਂ ਤਕ ਪਹੁੰਚਾਇਆ।

ਹਾਥੀਆਂ ਦੀ ਮੁਸੀਬਤ ਬਾਰੇ ਸੁਣ ਕੇ ਚੂਹੇ ਬਹੁਤ ਦੁਖੀ ਹੋਏ ਤੇ ਹਜ਼ਾਰਾਂ ਚੂਹੇ ਲਾਈਨਾ ਬਣਾ ਕੇ ਬੰਨੇ ਹੋਏ ਹਾਥੀਆਂ ਨੂੰ ਛੁਡਵਾਉਣ ਲਈ ਤੁਰ ਪਏ। ਉਥੇ ਪਹੁੰਚਦਿਆਂ ਹੀ ਸਾਰੇ ਚੂਹਿਆਂ ਨੇ ਆਪਣੇ ਤਿੱਖੇ ਦੰਦਾਂ ਨਾਲ ਰੱਸੀਆਂ ਵੱਡ ਦਿਤੀਆਂ। ਹਾਥੀ ਹੁਣ ਇਸ ਮੁਸੀਬਤ ਵਿਚੋਂ ਨਿਕਲ ਗਏ ਸਨ। ਉਨ੍ਹਾਂ ਸਾਰਿਆਂ ਨੇ ਆਪਣੇ ਦੋਸਤ ਚੂਹਿਆਂ ਦਾ ਧੰਨਵਾਦ ਕੀਤਾ। ਚੂਹੇ ਵੀ ਬਹੁਤ ਖੁਸ਼ ਸਨ, ਕਿਉਂਕਿ ਉਹ ਆਪਣੇ ਦੋਸਤਾਂ ਦੇ ਕੰਮ ਆਏ ਸਨ। ਸਾਨੂੰ ਵੀ ਚਾਹੀਦਾ ਹੈ ਮੁਸੀਬਤ ਵੇਲੇ ਅਸੀਂ ਆਪਣੇ ਦੋਸਤਾਂ ਦੇ ਕੰਮ ਆਈਏ।



ਕਦੇ ਨਾ ਭੁੱਲੋ

- ਆਪਸ ਵਿਚ ਮਿਲ ਬੈਠਣਾ, ਇਨਸਾਨਾਂ ਵਾਲੇ ਕਰਮ ਕਰਨਾ ਹੀ ਧਰਮ ਦਾ ਪਹਿਲਾ ਲੱਛਣ ਹੈ।
- ਸਬਰ-ਸੰਤੋਖ ਅਤੇ ਪਿਆਰ ਨਾਲ ਜੀਊਣਾ ਹੀ ਅਸਲੀ ਜੀਊਣਾ ਹੈ।

(ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ)

- ਜਿਤਨੀ ਵੀ ਸੇਵਾ ਕੀਤੀ ਜਾਵੇ ਦਿਲ ਤੋਂ ਕੀਤੀ ਜਾਵੇ। ਦਿਲ ਨਾਲ ਕੀਤੀ ਸੇਵਾ ਹੀ ਨਿਰੰਕਾਰ ਸਤਿਗੁਰੂ ਨੂੰ ਪਰਵਾਨ ਹੁੰਦੀ ਹੈ।

(ਬਾਬਾ ਗੁਰਬਚਨ ਸਿੰਘ)

- ਪਿਆਰ ਅਤੇ ਨਿਮਰਤਾ ਦਾ ਵਿਉਹਾਰ ਕਰੋ ਤਾਂਕਿ ਸੰਸਾਰ ਆਪ ਦੀ ਯਾਦ ਨੂੰ ਨਾ ਭੁੱਲ ਸਕੇ।

(ਬਾਬਾ ਅਵਤਾਰ ਸਿੰਘ ਜੀ)

- ਸੇਵਾ ਦਾ ਭਾਵ ਹੈ ਕਿਸੇ ਦੇ ਕੰਮ ਆਉਣਾ, ਕਿਸੇ ਲੋੜਵੰਦ ਦੀ ਮਦਦ ਕਰਨਾ ਕਿਸੇ ਦੇ ਭਲੇ ਲਈ ਕੁਝ ਕਰਨਾ।
- ਜੇ ਅਸੀਂ ਜੀਵਨ ਵਿਚ ਬੇਹਤਰ ਪਰਿਵਰਤਨ ਚਾਹੁੰਦੇ ਹਾਂ ਤਾਂ ਨਿਰੰਤਰ ਸੰਤ ਜਨਾ ਦੀ ਸੰਗਤ ਕਰਨੀ ਪਏਗੀ।

(ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ)

- ਜਿਹੜਾ ਵਿਅਕਤੀ ਆਪਣੇ ਆਪ ਤੇ ਸ਼ਾਸਨ ਨਹੀਂ ਰੱਖੇਗਾ ਉਹ ਸਦਾ ਦੂਜਿਆਂ ਦਾ ਗੁਲਾਮ ਬਣਿਆ ਰਹੇਗਾ।

(ਗੇਟੇ)

- ਨਸ਼ੇ ਸਮਾਜਿਕ ਤੇ ਆਰਥਿਕ ਤੌਰ ਤੇ ਇਨਸਾਨ ਅਤੇ ਪਰਿਵਾਰ ਨੂੰ ਤਬਾਹ ਕਰਦੇ ਹਨ।
- ਅੱਜ ਪਿਆਰ ਨਾਲ ਜੀਵਨ ਦੇ ਸਫਰ ਨੂੰ ਤੈਅ ਕਰਨ ਦੀ ਲੋੜ ਹੈ।

– ਮਹਾਤਮਾ ਗਾਂਧੀ

- ਕਰੋਧੀ ਇਨਸਾਨ ਦੂਜਿਆਂ ਨਾਲੋਂ ਆਪਣੇ-ਆਪ ਦਾ ਜ਼ਿਆਦਾ ਨੁਕਸਾਨ ਕਰਦਾ ਹੈ।
- ਇਮਾਨਦਾਰੀ ਦੀ ਕਮਾਈ ਨਾਲ ਘਰ ਵਿਚ ਹਰ ਪ੍ਰਕਾਰ ਦੀ ਬਰਕਤ ਹੁੰਦੀ ਹੈ। ਦੁਖ-ਦਲਿਦਰ ਤੇ ਕਸ਼ਟ ਮਨੁੱਖ ਤੋਂ ਕੋਹਾਂ ਦੂਰ ਹੋ ਜਾਂਦੇ ਹਨ।

(ਮਹਾਤਮਾ ਬੁੱਧ)

❑ ਸੰਗ੍ਰਹਿਕਰਤਾ : ਡਿੰਪਲਜੀਤ ਰੰਧਾਵਾ

❐ ਊਸ਼ਾ ਸਰੀਨ

ਬੱਚੇ ਮਨ ਦੇ ਸੱਚੇ

ਚੰਗੇ ਕੰਮ ਕਰਦੇ ਜੋ ਬੱਚੇ,
ਨਾਂ ਉਹਨਾਂ ਦੇ ਹੁੰਦੇ ਉਚੇ।

ਕਰਦੇ ਵੱਡਿਆਂ ਦੀ ਜੋ ਸੇਵਾ,
ਮਿਲਦਾ ਉਹਨਾਂ ਨੂੰ ਮਿੱਠਾ ਮੇਵਾ।

ਪੜ੍ਹਨ ਵਿਚ ਜੋ ਧਿਆਨ ਲਗਾਉਂਦੇ,
ਹਰਦਮ ਕੰਮ ਉਹ ਸਭ ਦੇ ਆਉਂਦੇ।

ਖੇਡਣ-ਦੌੜਨ ਵਿਚ ਆਉਂਦੇ ਫਸਟ,
ਕਦੇ ਨਹੀਂ ਉਹਨਾਂ ਨੂੰ ਆਉਂਦੇ ਕਸ਼ਟ।

ਆਪਣੀ ਮੰਜਿਲ ਵਧਦੇ ਜਾਂਦੇ,
ਇਕਮਿਕ ਹੋ ਕੇ ਤਗੜੇ ਬਣਦੇ।

ਕਦੇ ਲੜਾਈ-ਝਗੜਾ ਨਹੀਂ ਕਰਦੇ,
ਅਤੇ ਸਭ ਦਾ ਖਿਆਲ ਨੇ ਰੱਖਦੇ।

ਕਿਤੇ ਵੀ ਰੇਹਿਣ ਉਹ ਹੁੰਦੇ ਆਜ਼ਾਦ,
ਸਤਿਗੁਰੂ ਦਾ ਲੈਂਦੇ ਅਸ਼ੀਰਵਾਦ।

ਨਿਮਰਤਾ ਦੀ ਤਾਕਤ

ਇਕ ਵਾਰ ਨਦੀ ਨੂੰ ਆਪਣੇ ਪਾਣੀ ਦੇ ਵਹਾਅ ਦਾ ਘਮੰਡ ਹੋ ਗਿਆ। ਨਦੀ ਨੂੰ ਲੱਗਿਆ ਕਿ ਮੇਰੇ ਵਿਚ ਐਨੀ ਤਾਕਤ ਹੈ ਕਿ ਮੈਂ ਪੱਥਰ, ਮਕਾਨ, ਰੁੱਖ , ਪਸ਼ੂ, ਮਾਨਵ ਆਦਿ ਸਭ ਨੂੰ ਵਹਾਅ ਕੇ ਲੈ ਜਾ ਸਕਦੀ ਹਾਂ। ਨਦੀ ਨੇ ਬੜੇ ਹੀ ਹੰਕਾਰਪੂਰਣ ਸ਼ਬਦਾਂ ਵਿਚ ਸਮੁੰਦਰ ਨੂੰ ਕਿਹਾ – ਦੱਸੋ ਮੈ ਤੁਹਾਡੇ ਲਈ ਕੀ ਵਹਾਅ ਕੇ ਲਿਆਵਾਂ? ਮਕਾਨ, ਰੁੱਖ, ਪੱਥਰ, ਪਸ਼ੂ, ਮਾਨਵ ਆਦਿ ਜੋ ਤੁਸੀਂ ਚਾਹੁੰਦੇ ਹੋ। ਉਸ ਨੂੰ ਮੈਂ ਜੜ੍ਹ ਤੋਂ ਉਖਾੜ ਕੇ ਲਿਆ ਸਕਦੀ ਹਾਂ।

ਸਮੁੰਦਰ ਸਮਝ ਗਿਆ ਕਿ ਨਦੀ ਨੂੰ ਹੰਕਾਰ ਹੋ ਗਿਆ ਹੈ ਉਸ ਨੇ ਨਦੀ ਨੂੰ ਕਿਹਾ – ਜੇਕਰ ਤੂੰ ਮੇਰੇ ਲਈ ਕੁਝ ਲਿਆਉਣਾ ਚਾਹੁੰਦੀ ਹੈ ਤਾਂ ਥੋੜੀ ਜਿਹੀ ਨਰਮ ਘਾਹ ਉਖਾੜ ਕੇ ਲੈ ਆ।

ਸਮੁੰਦਰ ਦੀ ਗੱਲ ਸੁਣ ਕੇ ਨਦੀ ਕਹਿਣ ਲੱਗੀ – ਬਸ ! ਐਨੀ ਜਿਹੀ ਗੱਲ ਹੈ। ਹੁਣੇ ਮੈਂ ਲੈ ਕੇ ਆਉਂਦੀ ਹਾਂ। ਨਦੀ ਨੇ ਆਪਣੇ ਵਹਾਅ ਦਾ ਪੂਰਾ ਜ਼ੋਰ ਘਾਹ ਉਤੇ ਲਾ ਦਿੱਤਾ ਪਰ ਘਾਹ ਨਹੀਂ ਉਖੜੀ। ਉਸ ਨੇ ਇਕ ਵਾਰ ! ਦੋ ਵਾਰ ! ਤਿੰਨ ਵਾਰ ਜ਼ੋਰ ਲਗਾਇਆ ਪਰ ਘਾਹ ਨਹੀਂ ਉਖੜੀ। ਵਾਰ-ਵਾਰ ਜਤਨ ਕਰਨ ਤੇ ਵੀ ਘਾਹ ਨਹੀਂ ਉਖੜੀ।

ਅਖੀਰ ਉਹ ਹਾਰ ਕੇ ਸਮੁੰਦਰ ਕੋਲ ਪਹੁੰਚੀ ਅਤੇ ਕਹਿਣ ਲਗੀ – ਮੈਂ ਘਰ, ਰੁੱਖ, ਜੀਵ ਜੰਤੂ ਤਾਂ ਵਹਾਅ ਕੇ ਲਿਆ ਸਕਦੀ ਹਾਂ, ਪਰ ਨਰਮ ਘਾਹ ਨੂੰ ਉਖਾੜ ਕੇ ਨਹੀਂ ਲਿਆ ਸਕਦੀ। ਜਦ ਵੀ ਮੈਂ ਘਾਹ ਉਖਾੜਨ ਲਈ ਉਸ ਉਤੇ ਜਾਂਦੀ ਸੀ ਤਾਂ ਉਹ ਝੁਕ ਜਾਂਦੀ ਸੀ ਅਤੇ ਮੈਂ ਖਾਲੀ ਹੱਥ ਉਸ ਦੇ ਉਪਰੋਂ ਨਿਕਲ ਜਾਂਦੀ ਸੀ।

ਸਮੁੰਦਰ ਨੇ ਨਦੀ ਦੀ ਪੂਰੀ ਗੱਲ ਸੁਣੀ ਅਤੇ ਕੁਝ ਦੇਰ ਵਿਚਾਰ ਕੀਤਾ, ਫਿਰ ਮੁਸਕਰਾਂਦੇ ਹੋਏ ਬੋਲਿਆ – ਜੋ ਪੱਥਰ ਜਾਂ ਰੁੱਖ ਵਰਗੇ ਕਠੋਰ ਹੁੰਦੇ ਹਨ ਉਹ ਆਸਾਨੀ ਨਾਲ ਉਖਾੜੇ ਜਾਂਦੇ ਹਨ ਪਰੰਤੂ ਘਾਹ ਵਰਗੀ ਨਿਮਰਤਾ ਜਿਸ ਨੇ ਵੀ ਸਿੱਖ ਲਈ , ਉਸ ਨੂੰ ਕੋਈ ਪ੍ਰਚੰਡ ਵੇਗ ਵੀ ਉਖਾੜ ਨਹੀਂ ਸਕਦਾ।

ਨਦੀ ਨੇ ਸਮੁੰਦਰ ਦੀਆਂ ਸਾਰੀਆਂ ਗੱਲਾਂ ਅਰਾਮ ਨਾਲ ਸੁਣੀਆਂ ਅਤੇ ਸਮਝੀਆਂ। ਸਮਝ ਆਉਣ ਤੇ ਨਦੀ ਦਾ ਘਮੰਡ ਚੂਰ-ਚੂਰ ਹੋ ਗਿਆ।

❒ ਪਰਕਾਸ਼ ਅਰੋੜਾ

ਕੀ ਬਿੱਲੀਆਂ ਸਿਰਫ ਜੰਗਲਾਂ ਵਿਚ ਹੀ ਰਹਿੰਦੀਆਂ ਸਨ?

ਬਿੱਲੀ ਇਕ ਜੰਗਲੀ ਜੀਵ ਹੈ। ਜਿਸ ਦੇ ਵਿਗਿਆਨਿਕਾਂ ਨੂੰ ਲੱਖਾਂ ਸਾਲ ਪੁਰਾਣੇ ਅੰਗ ਮਿਲੇ ਹਨ। ਬੱਚਿਉ, ਅਸੀਂ ਅਕਸਰ ਬਿੱਲੀ ਨੂੰ ਪਾਲਤੂ ਜੀਵ ਮੰਨਦੇ ਹਾਂ। ਅਸੀਂ ਜਿਸ ਨੂੰ ਪਾਲਤੂ ਬਿੱਲੀ ਜਾਣਦੇ ਹਾਂ ਉਹ ਜੰਗਲੀ ਬਿੱਲੀ ਦੀ ਸੰਤਾਨ ਹੈ। ਕਿਹੜੀ ਜੰਗਲੀ ਬਿੱਲੀ ਦੀ ਸੰਤਾਨ ਹੈ ਇਹ ਕਹਿਣਾ ਮੁਸ਼ਕਿਲ ਹੈ ਅਤੇ ਵਿਗਿਆਨਿਕ ਇਸ ਦਾ ਪਤਾ ਲਗਾਉਣ ਵਿਚ ਜੁਟੇ ਹੋਏ ਹਨ।

ਪਹਿਲਾਂ ਸਾਰੀਆਂ ਬਿੱਲੀਆਂ ਕੇਵਲ ਜੰਗਲਾਂ ਵਿਚ ਹੀ ਰਹਿੰਦੀਆਂ ਸਨ। ਸ਼ਾਇਦ ਵੱਖ-ਵੱਖ ਤਰ੍ਹਾਂ ਦੀਆਂ ਪਾਲਤੂ ਬਿੱਲੀਆਂ ਦੋ ਜਾਂ ਤਿੰਨ ਕਿਸਮ ਦੀਆਂ ਛੋਟੀਆਂ ਜੰਗਲੀ ਬਿੱਲੀਆਂ ਦੀ ਸੰਤਾਨ ਹਨ ਜੋ ਯੂਰਪ, ਉਤਰੀ ਅਫਰੀਕਾ ਅਤੇ ਏਸ਼ੀਆ ਵਿਚ ਹਜ਼ਾਰਾਂ ਸਾਲ ਪਹਿਲਾਂ ਸਨ। ਵਿਗਿਆਨਿਕਾਂ ਦਾ ਅਨੁਮਾਨ ਹੈ ਕਿ ਲਗਭਗ 5000 ਸਾਲ ਪਹਿਲਾਂ ਜੰਗਲੀ ਬਿੱਲੀਆਂ ਨੂੰ ਪਹਿਲੀ ਵਾਰ ਪਾਲਤੂ ਬਣਾਇਆ ਗਿਆ।

ਬੱਚਿਉ ! 4000 ਸਾਲ ਪਹਿਲਾਂ ਮਿਸ਼ਰਵਾਸੀਆਂ ਦੇ ਕੋਲ ਪਾਲਤੂ ਬਿੱਲੀਆ ਸਨ। ਮਿਸ਼ਰ ਦੇ ਲੋਕ ਤਾਂ ਬਿੱਲੀ ਨੂੰ ਦੇਵਤਾ ਮੰਨ ਕੇ ਉਸ ਦੀ ਪੂਜਾ ਵੀ ਕਰਦੇ ਸਨ। ਪਸ਼ਤ ਦੇਵੀ ਦੀਆਂ ਤਸਵੀਰਾਂ ਵਿਚ ਬਿੱਲੀ ਦਾ ਸਿਰ ਵੀ ਵਿਖਾਈ ਦਿੰਦਾ ਹੈ ਅਤੇ ਬਲੀ ਵੀ ਚੜਾਈ ਜਾਂਦੀ ਸੀ। ਬਿੱਲੀ ਉਹਨਾਂ ਦੇ ਮੁੱਖ ਦੇਵਤਾ (ਰਾ) ਅਤੇ ਮੁੱਖ ਦੇਵੀ (ਆਈਸਿਸ) ਦੀ ਪ੍ਰਤੀਨਿਧੀ ਸੀ। ਜਦੋਂ ਘਰ ਦੀ ਬਿੱਲੀ ਮਰ ਜਾਂਦੀ ਸੀ ਤਾਂ ਮਿਸ਼ਰੀ ਪਰਿਵਾਰ ਦੇ ਮੈਂਬਰ ਅਤੇ ਨੌਕਰ ਭਰਵੱਟੇ ਸ਼ੇਵ ਕਰਾ ਕੇ ਸੋਗ ਮਨਾਉਂਦੇ ਸੀ। ਮੰਦਿਰ ਦੀ ਬਿੱਲੀ ਦੀ ਮੌਤ ਤੇ ਪੂਰਾ ਸ਼ਹਿਰ ਸੋਗ ਮਨਾਉਂਦਾ ਸੀ। ਬਹੁਤ ਸਾਰੀਆਂ ਬਿੱਲੀਆਂ ਦੀਆਂ ਲਾਸ਼ਾਂ ਮਿਲੀਆਂ ਹਨ ਜਿਨ੍ਹਾਂ ਨੂੰ ਰਾਜੇ ਅਤੇ ਰਾਣੀ ਦੀਆਂ ਲਾਸ਼ਾਂ ਵਾਂਗ ਹੀ ਤਿਆਰ ਕੀਤਾ ਗਿਆ ਸੀ। ਬਿੱਲੀ ਨੂੰ ਮਾਰਣ ਦੀ ਸਜਾ ਮੌਤ ਸੀ। ਉੱਜ ਯੂਰਪ ਵਿਚ ਈਸਾ ਦੇ 1000 ਸਾਲ ਬਾਅਦ ਹੀ ਪਾਲਤੂ ਬਿੱਲੀਆਂ ਦਾ ਜ਼ਿਕਰ ਮਿਲਦਾ ਹੈ। ਪ੍ਰਾਚੀਨ ਯੂਰਪ ਵਿਚ ਬਿੱਲੀ ਨੂੰ ਬੁਰੀ ਆਤਮਾ ਸਮਝਦੇ ਸਨ, ਦੇਵੀ ਜਾਂ ਦੇਵਤਾ ਨਹੀਂ। ਅਕਸਰ ਸ਼ੈਤਾਨ ਦੀਆਂ ਤਸਵੀਰਾਂ ਕਾਲੀ ਬਿੱਲੀ ਦੇ ਨਾਲ ਬਣਾਈਆਂ ਜਾਂਦੀਆਂ ਸਨ ਅਤੇ ਮੰਨਿਆ ਜਾਂਦਾ ਸੀ ਕਿ ਚੁੜੈਲਾਂ ਬਿੱਲੀ ਦਾ ਰੂਪ ਧਾਰਣ ਕਰ ਲੈਂਦੀਆਂ ਹਨ। ਬਿੱਲੀਆਂ ਦੀਆਂ ਵੱਖ-ਵੱਖ ਬ੍ਰੀਡਸ ਵੀ ਕੁੱਤਿਆਂ ਦੀ ਬ੍ਰੀਡਸ ਦੀ ਤਰ੍ਹਾਂ ਵੱਖ ਵੱਖ ਹਨ। ਛੋਟੇ ਵਾਲਾਂ ਅਤੇ ਲੰਮੇ ਵਾਲਾਂ ਵਾਲੀਆਂ ਨੂੰ ਆਸਾਨੀ ਨਾਲ ਪਛਾਣਿਆ ਜਾ ਸਕਦਾ ਹੈ। ਲੰਮੇ ਵਾਲਾਂ ਵਾਲੀ ਅੰਗੋਰਾ ਅਤੇ ਪਰਜ਼ਿਅਨ ਸਭ ਤੋਂ ਮਸ਼ਹੂਰ ਬਿੱਲੀਆਂ ਹਨ। ■

ਦਾਦਾ ਜੀ
ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ
ਇਕ ਜੰਗਲ ਵਿਚ ਇਕ ਬੁੱਢਾ ਸ਼ੇਰ ਰਹਿੰਦਾ ਸੀ। ਬੁੱਢਾ ਹੋਣ ਦੇ ਕਾਰਣ ਉਹ ਸ਼ਿਕਾਰ ਨਹੀਂ ਕਰ ਸਕਦਾ ਸੀ।
ਇਕ ਵਾਰ ਦੀ ਗੱਲ ਹੈ। ਸ਼ੇਰ ਬਹੁਤ ਭੁੱਖਾ ਸੀ ਅਤੇ ਉਹ ਭੋਜਨ ਦੀ ਤਲਾਸ਼ ਵਿਚ ਜੰਗਲ ਵਿਚ ਘੁੰਮ ਰਿਹਾ ਸੀ।
ਘੁੰਮਦੇ-ਘੁੰਮਦੇ ਸ਼ੇਰ ਨੂੰ ਇਕ ਗੁਫਾ ਨਜ਼ਰ ਆਈ। ਉਹ ਥੱਕ ਗਿਆ ਸੀ। ਇਸ ਲਈ ਉਹ ਅਰਾਮ ਕਰਨ ਲੱਗ ਗਿਆ ਅਤੇ ਸੋਚਣ ਲੱਗਾ- ਜੋ ਵੀ ਜਾਨਵਰ ਇੱਥੇ ਰਹਿੰਦਾ ਹੋਏਗਾ ਉਹ ਇਥੇ ਆਏਗਾ ਮੈਂ ਉਸ ਦਾ ਸ਼ਿਕਾਰ ਕਰ ਲਵਾਂਗਾ।


ਸ਼ਾਮ ਹੋ ਗਈ ਸੀ। ਉਸ ਗੁਫਾ ਵਿਚ ਇਕ ਗਿੱਦੜ ਰਹਿੰਦਾ ਸੀ ਜੋ ਕਿ ਸ਼ਾਮ ਹੋਣ ਤੇ ਆਪਣੀ ਗੁਫਾ ਵਲ ਆ ਰਿਹਾ ਸੀ।
ਗਿੱਦੜ ਰੋਜ਼ ਦੀ ਤਰ੍ਹਾਂ ਆਪਣੀ ਮਸਤੀ ਵਿਚ ਗੁਫਾ ਵੱਲ ਆ ਰਿਹਾ ਸੀ ਕਿ ਅਚਾਨਕ ਉਸ ਦੀ ਨਜ਼ਰ ਜ਼ਮੀਨ ਉਤੇ ਪਏ ਸ਼ੇਰ ਦੇ ਪੈਰਾਂ ਦੇ ਨਿਸ਼ਾਨ ਉਤੇ ਪਈ।
ਗਿੱਦੜ ਉਹਨਾਂ ਪੈਰਾਂ ਦੇ ਨਿਸ਼ਾਨ ਦੇ ਪਿੱਛੇ ਚਲਦਾ-ਚਲਦਾ ਆਪਣੀ ਗੁਫਾ ਦੇ ਦਰਵਾਜ਼ੇ ਕੋਲ ਪਹੁੰਚ ਗਿਆ।

ਗਿੱਦੜ ਨੇ ਧਿਆਨ ਨਾਲ ਸ਼ੇਰ ਦੇ ਪੈਰਾਂ ਦੇ ਨਿਸ਼ਾਨ ਵੇਖੇ। ਉਸ ਨੂੰ ਅੰਦਰ ਜਾਣ ਦੇ ਨਿਸ਼ਾਨ ਤਾਂ ਨਜ਼ਰ ਆਏ ਪਰੰਤੂ ਬਾਹਰ ਜਾਣ ਦੇ ਨਿਸ਼ਾਨ ਨਜ਼ਰ ਨਹੀਂ ਆਏ। ਹੁਣ ਉਹ ਸੋਚਣ ਲੱਗਾ ਕਿ ਉਹ ਕੀ ਕਰੇ।
ਸ਼ੇਰ ਗੁਫਾ ਵਿਚ ਹੈ ਕਿ ਨਹੀਂ? ਇਸ ਗੱਲ ਨੂੰ ਪੱਕਾ ਕਰਨ ਲਈ ਉਸ ਨੇ ਇਕ ਤਰਕੀਬ ਸੋਚੀ। ਉਹ ਗੁਫਾ ਨੂੰ ਅਵਾਜ਼ ਲਾਉਂਦਾ ਹੈ – ਹੇ ਗੁਫਾ ! ਮੈਂ ਅੰਦਰ ਆ ਜਾਵਾਂ !
ਗੁਫਾ ਵਿਚੋਂ ਕੋਈ ਅਵਾਜ਼ ਨਾ ਆਉਣ ਤੇ ਉਹ ਫਿਰ ਅਵਾਜ਼ ਲਾਉਂਦਾ ਹੈ – ਹੇ ਗੁਫਾ ! ਅੱਜ ਤੈਨੂੰ ਕੀ ਹੋ ਗਿਆ ਹੈ, ਰੋਜ਼ ਤਾਂ ਤੂੰ ਜਵਾਬ ਦਿੰਦੀ ਹੈ ਅੱਜ ਜਵਾਬ ਕਿਉਂ ਨਹੀਂ ਦੇ ਰਹੀ?

ਫਿਰ ਕੋਈ ਜਵਾਬ ਨਾ ਆਉਣ ਨਾਲ ਗਿੱਦੜ ਕਹਿਣ ਲੱਗਾ - ਠੀਕ ਹੈ ! ਜੇਕਰ ਤੂੰ ਕੋਈ ਜਵਾਬ ਨਹੀਂ ਦਿੰਦੀ ਤਾਂ ਮੈਂ ਦੂਜੀ ਗੁਫਾ ਵਿਚ ਜਾ ਰਿਹਾ ਹਾਂ।
ਹੁਣ ਸ਼ੇਰ ਨੂੰ ਵਿਸ਼ਵਾਸ ਹੋ ਗਿਆ ਕਿ ਗੁਫਾ ਇਸ ਨੂੰ ਰੋਜ਼ ਜਵਾਬ ਦਿੰਦੀ ਹੈ। ਅੱਜ ਮੇਰੇ ਕਰਕੇ ਇਹ ਜਵਾਬ ਨਹੀਂ ਦੇ ਰਹੀ । ਅੱਜ ਮੈਂ ਹੀ ਜਵਾਬ ਦੇ ਦਿੰਦਾ ਹਾਂ। ਸ਼ੇਰ ਅੰਦਰੋਂ ਅਵਾਜ਼ ਦੇਣ ਲੱਗਾ - 'ਬਿਨਾ ਡਰੇ ਅੰਦਰ ਆ ਜਾਉ'।
ਹੁਣ ਗਿੱਦੜ ਨੂੰ ਪੂਰੀ ਤਰ੍ਹਾਂ ਯਕੀਨ ਹੋ ਗਿਆ ਕਿ ਸ਼ੇਰ ਅੰਦਰ ਹੈ, ਅਤੇ ਉਹ ਉਥੋਂ ਭੱਜ ਗਿਆ। ਸ਼ੇਰ ਵੀ ਸਮਝ ਗਿਆ ਕਿ ਉਹ ਬੇਵਕੂਫ ਬਣ ਗਿਆ ਹੈ।
ਬੱਚਿਉ ! ਮੁਸੀਬਤ ਆਉਣ ਤੋਂ ਪਹਿਲਾਂ ਹੀ ਚੇਤੰਨ ਹੋ ਕੇ ਉਸ ਦਾ ਹੱਲ ਲੱਭਣ ਵਾਲਾ ਕਦੇ ਮੁਸੀਬਤ ਵਿਚ ਨਹੀਂ ਪੈਂਦਾ।

ਬੁੱਧੀ ਦੀ ਪਰਖ

ਅੰਤਰ ਪਛਾਣੋਂ

ਦੋਹਾਂ ਚਿਤੱਰਾਂ ਵਿਚ 11 ਅੰਤਰ ਦੱਸੋ?

kids Nirankari
spiritual dreamland for kids

Spiritual Zone for kids

With the blessings of His Holiness
Experience online spiritual learning with exciting and fun features highlights our mission's message.
Visit regularly to watch tiny tots excelling in the spiritual journey.

kids.nirankari.org

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

Share
your talent in form of painting, poetry & story

Registered with the Registrar of Newspaper For India Under RNI No. 32345/77 : Delhi Postal Regd. No. DL-(N)-01/0137/2015-17
: Licence No. U (DN)-60/2015-17
: Licenced to post without Pre-payment

ਨਿਰੰਕਾਰੀ ਪਤ੍ਰ-ਪਤ੍ਰਿਕਾਵਾਂ ਪੜ੍ਹੋ ਅਤੇ ਪੜ੍ਹਾਉ !

ਸੰਤ ਨਿਰੰਕਾਰੀ	ਏਕ ਨਜ਼ਰ	ਹੰਸਤੀ ਦੁਨੀਆ
(ਗਿਆਰਾਂ ਭਾਸ਼ਾਵਾਂ ਵਿਚ)	(ਤਿੰਨ ਭਾਸ਼ਾਵਾਂ ਵਿਚ)	(ਚਾਰ ਭਾਸ਼ਾਵਾਂ ਵਿੱਚ)

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011–47660200, E-mail : patrika@nirankari.org

ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

Sant Nirankari Satsang Bhawan
1st Floor, 50, Morbag Road, Naigaon, Dadar (E) MUMBAI-400 014 (Mah.)
e-mail : chandunirankari@yahoo.com & marathi@nirankari.org

ਹੋਰ ਭਾਸ਼ਾਵਾਂ ਦੀਆਂ ਪਤ੍ਰਿਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

TAMIL
Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830

ORIYA
Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250

TELUGU
Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879

GUJRATI
Sant Nirankari Satsang Bhawan, 31, Pratapganj, VADODARA-390002 (Guj.) Ph. 0285-275068

KANNADA
Sant Nirankari Satsang Bhawan, 88, Rattanvillas Road, Southend Circle, Basavangudi, BELGURU-560 004 (Karnataka) Ph. 080-26577212

BANGLA
Sant Nirankari Satsang Bhawan, 1-D, Nazar Ali Lane, Near Beck Bagan, KOLKATA-700 019 Ph. 033-22871658

ਪਤ੍ਰ-ਪਤ੍ਰਿਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)